ਚੰਡੀਗੜ੍ਹ ਦਫ਼ਤਰ
ਐਸ.ਸੀ.ਓ. 1136
ਸੈਕਟਰ 22 ਬੀ,

Chandigarh Office
S.C.O. 1136
SECTOR 22-B
email: advtdeshpardesh.com

ਰੋਜ਼ਾਨਾ
ਦੇਸ਼ ਪ੍ਰਦੇਸ਼
ਸੱਚੀ ਖ਼ਬਰ, ਸਹੀ ਡਗਰ, ਸਦਾ ਨਿਡਰ
ਪ੍ਰਕਾਸ਼ਨ ਦਾ 36ਵਾਂ ਸਾਲ
ਚੰਡੀਗੜ੍ਹ ਸੰਸਕਰਣ
CHANDIGARH EDITION
Email - deshpardeshchd@gmail.com
ਮੁੱਖ ਸੰਪਾਦਕ
ਸ਼ਸ਼ੀ ਪਾਲ ਜੈਨ
Des Pardes

ਪਟਿਆਲਾ 'ਚ ਖੇਡ ਅਕੈਡਮੀ 'ਚ ਖਿਡਾਰੀਆਂ ਨੂੰ ਮਿਲੇ ਸੀਐਮ ਸੈਣੀ 03

ਸਾਲ 1, ਅੰਕ 359 Ph (Mohali Office) : 0160-2990739; (M) : +91-98156-16078 ਵੀਰਵਾਰ, 24 ਸਤੰਬਰ 2026 (8 ਅੱਸੂ, ਨਾਨਕਸ਼ਾਹੀ ਸੰਮਤ 558) RNI NO. CHPUN/25/A1263. ਸਫ਼ੇ - 8 ਮੁੱਲ :₹2

ਪ੍ਰਧਾਨ ਮੰਤਰੀ ਮੋਦੀ ਦੀ 'ਕਲਾਸ' ਵਿੱਚ ਕੈਬਨਿਟ ਮੰਤਰੀ

ਕੰਮਕਾਜ ਬਾਰੇ ਪੇਸ਼ਕਾਰੀਆਂ ਕੀਤੀਆ, ਅੱਜ ਸਮੀਖਿਆਵਾਂ ਤੇ ਫਿਰ ਰਿਪੋਰਟ ਕਾਰਡ

ਦੇਸ਼ ਪ੍ਰਦੇਸ਼ ਦਿੱਲੀ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ) : ਮੋਦੀ ਸਰਕਾਰ ਦੇ ਮੰਤਰੀਆਂ ਲਈ ਦੋ-ਰੋਜ਼ਾ 'ਚਿੰਤਨ ਸ਼ਿਵਿਰ' (ਵਿਚਾਰ-ਵਟਾਂਦਰਾ ਸੈਸ਼ਨ) ਅੱਜ ਸ਼ੁਰੂ ਹੋਇਆ ਹੈ ਅਤੇ ਇਹ 24 ਸਤੰਬਰ ਤੱਕ ਜਾਰੀ ਰਹੇਗਾ। ਇਸ ਸਮਾਗਮ ਦੌਰਾਨ, ਪ੍ਰਧਾਨ ਮੰਤਰੀ ਮੋਦੀ ਕੈਬਨਿਟ ਮੰਤਰੀਆਂ ਦੇ ਕੰਮਕਾਜ ਦਾ ਮੁਲਾਂਕਣ ਕਰਨਗੇ। ਦੂਜਾ ਦਿਨ ਸਮੀਖਿਆ ਲਈ ਸਮਰਪਿਤ ਹੋਵੇਗਾ, ਜਿਸ ਦੌਰਾਨ ਮੰਤਰੀਆਂ ਨੂੰ ਦਰਜਾ (ਗ੍ਰੇਡ) ਦਿੱਤਾ ਜਾਵੇਗਾ—ਸ਼ਾਨਦਾਰ, ਵਧੀਆ, ਔਸਤ, ਜਾਂ ਮਾੜਾ। ਜਿਨ੍ਹਾਂ ਨੂੰ 'ਸ਼ਾਨਦਾਰ' ਜਾਂ 'ਵਧੀਆ' ਦਰਜਾ ਮਿਲੇਗਾ, ਉਹ 'ਗ੍ਰੀਨ ਜ਼ੋਨ' ਵਿੱਚ ਆਉਣਗੇ, ਜਦੋਂ ਕਿ 'ਔਸਤ' ਜਾਂ ਇਸ ਤੋਂ ਹੇਠਲੇ ਦਰਜੇ ਵਾਲੇ 'ਰੈਡ ਜ਼ੋਨ' ਵਿੱਚ ਆਉਣਗੇ। ਇਸਦਾ ਸੰਕੇਤ ਇਹ ਹੈ ਕਿ ਕੈਬਨਿਟ ਵਿੱਚ ਫੇਰਬਦਲ ਦੌਰਾਨ ਉਨ੍ਹਾਂ ਦੇ ਅਹੁਦਿਆਂ 'ਤੇ ਖਤਰਾ ਪੈਦਾ ਹੋ ਸਕਦਾ ਹੈ। ਇਹ ਰਿਪੋਰਟ ਕਾਰਡ ਕੈਬਨਿਟ ਦੇ ਵਿਸਥਾਰ ਦੌਰਾਨ ਕੀਤੇ ਜਾਣ ਵਾਲੇ ਬਦਲਾਅ ਦਾ ਆਧਾਰ ਬਣਨਗੇ। ਇਸ

ਸਮਾਗਮ ਦਾ ਵਿਸ਼ਾ 'ਵਿਕਸਿਤ ਭਾਰਤ 2047' ਹੈ।

ਸਾਲ 2021 ਵਿੱਚ, ਮੋਦੀ ਨੇ ਮੰਤਰੀ ਮੰਡਲ ਦੇ ਸਾਰੇ ਮੈਂਬਰਾਂ ਨਾਲ ਅਜਿਹੇ ਕੁੱਲ ਪੰਜ 'ਚਿੰਤਨ ਸ਼ਿਵਿਰ' ਆਯੋਜਿਤ ਕੀਤੇ ਸਨ। ਪਹਿਲਾ ਸ਼ਿਵਿਰ 14 ਸਤੰਬਰ ਨੂੰ ਹੋਇਆ ਸੀ ਅਤੇ ਆਖਰੀ ਨਵੰਬਰ ਵਿੱਚ ਆਯੋਜਿਤ ਕੀਤਾ ਗਿਆ ਸੀ। ਹਰੇਕ ਸੈਸ਼ਨ ਲਗਭਗ ਪੰਜ ਘੰਟੇ ਚੱਲਿਆ, ਜਿਸ ਵਿੱਚ ਮੰਤਰੀਆਂ ਦੇ ਕੰਮਕਾਜ, ਕਾਰਜਕੁਸ਼ਲਤਾ, ਸਮੇਂ ਅਤੇ ਸਾਧਨਾਂ ਦੀ ਸੁਚੱਜੀ ਵਰਤੋਂ, ਯੋਜਨਾਵਾਂ ਦੀ ਨਿਗਰਾਨੀ ਅਤੇ ਸ਼ਾਸਨ ਸੁਧਾਰਾਂ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਇਸ ਤੋਂ ਬਾਅਦ, ਨਵੰਬਰ 2021 ਵਿੱਚ, 77 ਮੰਤਰੀਆਂ ਨੂੰ ਵੱਖ-ਵੱਖ ਪ੍ਰਸ਼ਾਸਨਿਕ ਮੁੱਦਿਆਂ 'ਤੇ ਕੰਮ ਕਰਨ ਲਈ ਅੱਠ ਸਮੂਹਾਂ ਵਿੱਚ ਵੰਡਿਆ ਗਿਆ ਸੀ।

ਜੈੱਨ ਜ਼ੈੱਡ : ਮੰਤਰੀ ਨੇ 'ਜੈੱਨ ਜ਼ੈੱਡ' (ਨਵੀਂ ਪੀੜ੍ਹੀ) ਨਾਲ ਜੁੜਨ ਲਈ ਹੁਣ ਤੱਕ ਕੀ ਕੀਤਾ ਹੈ? ਇਸ ਸੰਪਰਕ ਲਈ ਕੀ ਰਣਨੀਤੀ ਹੈ? ਉਨ੍ਹਾਂ ਦੇ ਚੋਣ ਹਲਕੇ ਵਿੱਚ 'ਜੈੱਨ ਜ਼ੈੱਡ' ਨਾਲ ਸਬੰਧਤ ਮੁੱਖ ਮੁੱਦੇ ਕੀ ਹਨ? 'ਜੈੱਨ ਜ਼ੈੱਡ' ਨਾਲ ਕਿੰਨੀਆਂ ਮੀਟਿੰਗਾਂ ਜਾਂ ਚਰਚਾਵਾਂ ਕੀਤੀਆਂ ਗਈਆਂ ਹਨ? ਭਾਜਪਾ ਪ੍ਰਤੀ 'ਜੈੱਨ ਜ਼ੈੱਡ' ਦਾ ਕੀ ਰੁਖ ਹੈ?

ਯੂ.ਜੀ.ਸੀ.: 'ਜੈੱਨ ਜ਼ੈੱਡ' ਯੂ.ਜੀ.ਸੀ. ਨਾਲ ਸਬੰਧਤ ਮੁੱਦਿਆਂ ਬਾਰੇ ਕੀ ਸੋਚਦੀ ਹੈ? ਮੰਤਰੀ ਦੇ ਚੋਣ ਹਲਕੇ ਵਿੱਚ ਯੂ.ਜੀ.ਸੀ. ਕਿੰਨੀ ਪ੍ਰਭਾਵਸ਼ਾਲੀ ਰਹੀ ਹੈ? ਮੰਤਰੀਆਂ ਨੂੰ ਇਸ ਮੁੱਦੇ ਬਾਰੇ ਆਪਣੀਆਂ ਯੋਜਨਾਵਾਂ ਵੀ ਦੱਸਣੀਆਂ ਪੈਣਗੀਆਂ।

ਮਹਿਲਾ ਰਾਖਵਾਂਕਰਨ: ਮੋਦੀ ਸਰਕਾਰ ਅਪ੍ਰੈਲ ਵਿੱਚ ਇਸ ਨਾਲ ਸਬੰਧਤ ਸੰਵਿਧਾਨ (131ਵੀਂ ਸੋਧ) ਬਿੱਲ ਨੂੰ ਪਾਸ ਕਰਵਾਉਣ ਵਿੱਚ ਅਸਫਲ ਰਹੀ ਸੀ। 2014 ਤੋਂ ਬਾਅਦ ਇਹ ਪਹਿਲੀ ਇਸ ਦਾ ਉਦੇਸ਼ 'ਨਾਰੀ ਸ਼ਕਤੀ ਵੰਦਨ ਅਧਿਨਿਯਮ' (ਜੋ ਔਰਤਾਂ ਲਈ 33% ਰਾਖਵਾਂਕਰਨ ਪ੍ਰਦਾਨ ਕਰਦਾ ਹੈ) ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣਾ ਹੈ, ਜਿਸ ਨੂੰ 2023 ਵਿੱਚ ਪਾਸ ਕੀਤਾ ਗਿਆ ਸੀ। ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ ਬਾਕੀ ਸਫ਼ਾ 7 'ਤੇ

ਲਾਡਵਾ ਵਿਖੇ ਸੀ.ਆਈ.ਆਈ. ਦੇ ਪੰਜਵੇਂ 'ਇਨੋਵੇਟਿਵ ਫਾਰਮਰਜ਼ ਮੀਟ' ਦੇ ਸਮਾਪਤੀ ਸਮਾਰੋਹ ਦੌਰਾਨ ਸੀਐਮ ਸੈਣੀ ਦਾ ਸੰਬੋਧਨ

ਦੇਸ਼ ਪ੍ਰਦੇਸ਼ ਚੰਡੀਗੜ੍ਹ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਲਈ ਅਸਲ ਨਵੀਨਤਾ ਉਸ ਤਕਨੀਕ ਵਿੱਚ ਹੈ ਜੋ ਖਰਚਿਆਂ ਅਤੇ ਸਰੀਰਕ ਮਿਹਨਤ ਨੂੰ ਘਟਾਉਂਦੀ ਹੈ ਅਤੇ ਨਾਲ ਹੀ ਫਸਲ ਤੋਂ ਹੋਣ ਵਾਲੇ ਮੁਨਾਫੇ ਨੂੰ ਵਧਾਉਂਦੀ ਹੈ। ਕਿਸੇ ਵੀ ਤਕਨੀਕ ਦੀ ਅਸਲ ਸਫਲਤਾ ਕਿਸਾਨ ਦੇ ਖਾਤੇ (ਆਮਦਨ-ਖਰਚ ਦੇ ਵੇਰਵੇ) ਵਿੱਚ ਝਲਕਣੀ ਚਾਹੀਦੀ ਹੈ। ਕੋਈ ਤਕਨੀਕ ਕਿਸਾਨ ਲਈ ਉਦੋਂ ਹੀ ਲਾਹੇਵੰਦ ਹੁੰਦੀ ਹੈ ਜਦੋਂ ਉਹ ਪਹੁੰਚਯੋਗ ਹੋਵੇ, ਵਰਤਣ ਵਿੱਚ ਆਸਾਨ ਹੋਵੇ ਅਤੇ ਸਥਾਨਕ ਪੱਧਰ 'ਤੇ ਹੀ ਉਸਦੀ ਮੁਰੰਮਤ ਸੰਭਵ ਹੋਵੇ। ਮੁੱਖ ਮੰਤਰੀ ਬੁੱਧਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਵਿਖੇ ਸੀ.ਆਈ.ਆਈ. ਦੇ ਪੰਜਵੇਂ 'ਇਨੋਵੇਟਿਵ ਫਾਰਮਰਜ਼ ਮੀਟ' ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨੇ ਖੇਤੀਬਾੜੀ ਮਸ਼ੀਨਰੀ ਦੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ, ਇਸਦਾ ਦੌਰਾ ਕੀਤਾ

■ ਖੇਤੀਬਾੜੀ ਮਸ਼ੀਨਰੀ, ਪਾਣੀ ਦੀ ਸੰਭਾਲ, ਮਿੱਟੀ ਦੀ ਸਿਹਤ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਨਵੀਨਤਾਵਾਂ ਨੂੰ ਅਪਣਾਉਣ ਦਾ ਸੱਦਾ

ਅਤੇ ਅਗਾਂਹਵਧੂ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਇਸ 'ਇਨੋਵੇਟਿਵ ਫਾਰਮਰਜ਼ ਮੀਟ' ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਚਰਚਾਵਾਂ ਸਿਰਫ਼ ਵੱਡੇ ਸ਼ਹਿਰਾਂ ਜਾਂ ਆਡੀਟੋਰੀਅਮਾਂ ਤੱਕ ਸੀਮਤ ਨਹੀਂ ਹਨ, ਸਗੋਂ ਇਨ੍ਹਾਂ ਨੂੰ ਸਿੱਧਾ ਕਿਸਾਨਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਅੱਜ ਖੇਤੀਬਾੜੀ ਖੇਤਰ ਨੂੰ ਦਰਪੇਸ਼ ਗੰਭੀਰ ਚੁਣੌਤੀਆਂ, ਜਿਵੇਂ ਕਿ ਮੌਸਮ ਦੀ ਅਨਿਸ਼ਚਿਤਤਾ, ਪਾਣੀ ਦੀ ਵਧਦੀ ਕਿੱਲਤ ਅਤੇ ਮਿੱਟੀ ਦੀ ਸਿਹਤ ਵਿੱਚ ਆ ਰਹੀ ਗਿਰਾਵਟ ਦਾ ਜ਼ਿਕਰ ਕੀਤਾ। ਇਸ ਲਈ, ਅਜਿਹੇ ਖੇਤੀ ਤਰੀਕਿਆਂ ਵੱਲ ਵਧਣ ਦੀ ਲੋੜ ਹੈ ਜੋ ਬਦਲਦੇ ਹਾਲਾਤਾਂ ਦਾ ਸਾਹਮਣਾ ਕਰ ਸਕਣ ਅਤੇ ਕਿਸਾਨਾਂ ਦੀ ਆਮਦਨ ਵਧਾ ਸਕਣ। ਉਨ੍ਹਾਂ ਨੇ ਖੇਤਰ ਵਿੱਚ ਝੋਨੇ ਅਤੇ ਕਣਕ ਦੀ ਕਾਸ਼ਤ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ 'ਡਾਇਰੈਕਟ ਸੀਡਿੰਗ ਆਫ਼ ਰਾਈਸ', ਫਸਲ-ਵਿਸ਼ੇਸ਼ ਸੂਖਮ-ਸਿੰਚਾਈ ਅਤੇ ਜ਼ਮੀਨ ਨੂੰ ਪੱਧਰਾ ਕਰਨ ਵਰਗੇ ਉਪਾਅ ਲਾਹੇਵੰਦ ਸਾਬਤ ਹੋ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਆਪਣੀ ਮਿੱਟੀ ਦੀ ਜਾਂਚ ਕਰਵਾਉਣ ਅਤੇ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਫਸਲੀ ਚੱਕਰ, ਜੈਵਿਕ ਪਦਾਰਥਾਂ ਦੀ ਵਰਤੋਂ ਅਤੇ ਵਿਗਿਆਨਕ ਸਲਾਹ ਰਾਹੀਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਰਾਂ ਵਿੱਚ ਹਾਲਾਤ ਅਨੁਕੂਲ ਹਨ, ਉੱਥੇ ਦਾਲਾਂ, ਤੇਲ-ਬੀਜਾਂ, ਸਬਜ਼ੀਆਂ, ਫਲਾਂ ਅਤੇ ਹੋਰ ਬਾਕੀ ਸਫ਼ਾ 7 'ਤੇ

ਪੰਜਾਬ ਦੇ ਮੁਲਾਜ਼ਮਾਂ ਲਈ ਮਹਿੰਗਾਈ ਭੱਤੇ 'ਚ 8% ਵਾਧੇ ਦਾ ਐਲਾਨ

ਦੇਸ਼ ਪ੍ਰਦੇਸ਼

ਚੰਡੀਗੜ੍ਹ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ) : ਪੰਜਾਬ ਭਰ ਦੇ 8 ਲੱਖ ਤੋਂ ਵੱਧ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਵੱਡੇ ਤਿਉਹਾਰੀ ਤੋਹਫ਼ੇ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 1 ਸਤੰਬਰ, 2026 ਤੋਂ ਮਹਿੰਗਾਈ ਭੱਤੇ (ਡੀ.ਏ.) ਵਿੱਚ 8 ਫੀਸਦੀ ਵਾਧਾ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਨਾਲ ਮੁਲਾਜ਼ਮ ਨੁਮਾਇੰਦਿਆਂ ਨੂੰ ਦਿੱਤਾ ਭਰੋਸਾ ਪੂਰਾ ਹੋਇਆ ਹੈ ਅਤੇ ਮੁਲਾਜ਼ਮਾਂ ਦੀ ਭਲਾਈ ਅਤੇ ਵਿੱਤੀ ਖੁਸ਼ਹਾਲੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਹੋਰ ਮਜ਼ਬੂਤ ਹੋਈ ਹੈ। ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਕਿਹਾ ਕਿ ਇਹ ਫੈਸਲਾ ਸੂਬਾ ਸਰਕਾਰ ਦੀ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਭਲਾਈ ਅਤੇ ਵਿੱਤੀ ਖੁਸ਼ਹਾਲੀ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਦਫ਼ਤਰ ਨੇ ਕਿਹਾ, 'ਵਧਿਆ ਹੋਇਆ ਡੀ.ਏ. ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅਜਿਹੇ ਸਮੇਂ ਵਿੱਚ ਵਾਧੂ ਵਿੱਤੀ ਇਮਦਾਦ ਦੇਵੇਗਾ, ਜਦੋਂ ਘਰੇਲੂ ਖਰਚੇ ਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧ ਗਈਆਂ ਹਨ।' ਇਹ ਫੈਸਲਾ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਚਕਾਰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹਾਲ ਹੀ ਵਿੱਚ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ ਹੈ। ਇਸ ਮੀਟਿੰਗ ਦੌਰਾਨ ਮਹਿੰਗਾਈ ਭੱਤੇ ਵਿੱਚ ਵਾਧੇ ਦੀ ਮੰਗ ਸਮੇਤ ਮੁਲਾਜ਼ਮਾਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ। ਮੁੱਖ ਮੰਤਰੀ ਦਫ਼ਤਰ ਨੇ ਕਿਹਾ, 'ਮੁੱਖ ਬਾਕੀ ਸਫ਼ਾ 7 'ਤੇ

1 ਸਤੰਬਰ ਤੋਂ ਲਾਗੂ ਹੋਣਗੇ ਲਾਭ

ਈਡੀ ਦੇ ਸਾਬਕਾ ਅਫ਼ਸਰ ਨਿਰੰਜਣ ਸਿੰਘ ਅਤੇ ਸਾਬਕਾ ਡੀਐਸਪੀ ਸੇਖੋਂ ਅਕਾਲੀ ਦਲ 'ਵਾਰਿਸ ਪੰਜਾਬ ਦੇ' 'ਚ ਸ਼ਾਮਲ

ਦੇਸ਼ ਪ੍ਰਦੇਸ਼ ਅੰਮ੍ਰਿਤਸਰ 23 ਸਤੰਬਰ (ਰਾਜੇਸ਼ ਡੈਨੀ) : ਅਕਾਲੀ ਦਲ "ਵਾਰਿਸ ਪੰਜਾਬ ਦੇ"ਵੱਲੋਂ ਪੰਜਾਬ ਦੀ ਸਿਆਸਤ ਵਿੱਚ ਆਪਣੀ ਸਿਆਸੀ ਸਰਗਰਮੀ ਨੂੰ ਹੋਰ ਤੇਜ ਕਰਦਿਆਂ ਅੱਜ ਪੰਜਾਬ ਦੀ ਸਿਆਸਤ ਨੂੰ ਨਵੇਂ ਸਮੀਕਰਣ ਵੱਲ ਮੋੜਾ ਦਿੱਤਾ। ਅੱਜ ਅਕਾਲੀ ਦਲ ÷ਵਾਰਿਸ ਪੰਜਾਬ ਦੇ÷ ਦੀ ਸੀਨੀਅਰ ਲੀਡਰਸ਼ਿਪ ਬਾਪੂ ਤਰਸੇਮ ਸਿੰਘ, ਸਰਦਾਰ ਮਨਪ੍ਰੀਤ ਸਿੰਘ ਇਯਾਲੀ ਅਤੇ ਭਾਈ ਸਰਬਜੀਤ ਸਿੰਘ ਖਾਲਸਾ ਵਲੋਂ ਚੰਡੀਗੜ੍ਹ ਵਿਖੇ ਮਹੱਤਵਪੂਰਨ ਸ਼ਮੂਲੀਅਤ ਕਰਵਾਉਂਦੇ ਹੋਏ, ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਅਤੇ ਪੰਜਾਬ ਪੁਲਿਸ ਦੇ ਸਾਬਕਾ ਡੀਐਸਪੀ ਬਲਵਿੰਦਰ ਸਿੰਘ ਸੇਖੋਂ ਅਕਾਲੀ ਦਲ "ਵਾਰਿਸ ਪੰਜਾਬ ਦੇ "ਵਿੱਚ ਸ਼ਾਮਲ ਕਰਵਾਇਆ। ਸਰਦਾਰ ਨਿਰੰਜਨ ਸਿੰਘ ਨੇ ਪੰਜਾਬ ਵਿੱਚ ਉੱਚ-ਪ੍ਰੋਫਾਈਲ, ਡਰੱਗ-ਟ੍ਰੈਫਿਕਿੰਗ ਅਤੇ ਮਨੀ-ਲਾਂਡਰਿੰਗ ਮਾਮਲਿਆਂ ਦੀ ਜਾਂਚ ਨਾਲ ਜੁੜੇ

ਮਹੱਤਵਪੂਰਨ ਕੇਸਾਂ ਦੀ ਜਾਂਚ ਕਰ ਚੁੱਕੇ ਹਨ। ਸਰਦਾਰ ਨਿਰੰਜਨ ਸਿੰਘ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਨਸ਼ਿਆਂ ਅਤੇ ਗੈਰ-ਕਾਨੂੰਨੀ ਮਨੀ-ਲਾਂਡਰਿੰਗ ਦੇ ਮਾਮਲਿਆਂ ਬਾਰੇ ਜਨਤਕ ਤੌਰ 'ਤੇ ਵੀ ਆਪਣੀ ਗੱਲ ਰੱਖਦੇ ਰਹੇ ਹਨ। ਪੰਜਾਬ ਵਿੱਚ ਨਸ਼ਾ ਤਸਕਰੀ ਦੇ ਨੈੱਟਵਰਕ ਅਤੇ ਇਸ ਨਾਲ ਜੁੜੀਆਂ ਕਥਿਤ ਸਮੱਸਿਆਵਾਂ ਬਾਰੇ ਓਹਨਾ ਨੇ ਆਪਣੀ ਡਿਊਟੀ ਦੌਰਾਨ ਅਤੇ ਸੇਵਾਮੁਕਤੀ ਤੋਂ ਬਾਅਦ ਵੀ ਬੇਬਾਕ ਗੱਲ ਰੱਖੀ। ਇਸ ਦੇ ਨਾਲ ਹੀ ਸਰਦਾਰ ਨਿਰੰਜਨ ਸਿੰਘ ਨੇ ਭਿਰਸ਼ਟਾਚਾਰ ਖ਼ ਿਲਾਫ਼ ਲੜਾਈ ਲੜਦੇ ਹੋਏ, ਕਈ ਸੰਸਥਾਵਾਂ ਦੇ ਸਹਿਯੋਗ ਦੇ ਲੋਕਾਂ ਨੂੰ ਜਾਗਰੂਕ ਕੀਤਾ। ਸਰਕਾਰੀ ਤੰਤਰ ਵਿੱਚ ਘੁਣ ਵਾਂਗ ਲੱਗ ਚੁੱਕੀ ਭ੍ਰਿਸ਼ਟਾਚਾਰ ਦੀ ਬੀਮਾਰੀ ਨੂੰ ਜੜ੍ਹ ਤੋਂ ਪੁੱਟਣ ਲਈ ਓਹ ਹਮੇਸ਼ਾ ਹੀ ਯਤਨਸ਼ੀਲ ਰਹੇ ਹਨ। ਬਲਵਿੰਦਰ ਸਿੰਘ ਸੇਖੋਂ ਪੰਜਾਬ ਪੁਲਿਸ ਵਿੱਚ ਡੀਐਸਪੀ ਵਜੋਂ ਸੇਵਾ ਨਿਭਾ ਚੁੱਕੇ ਹਨ। ਉਹ ਪੰਜਾਬ ਦੇ ਨਸ਼ਿਆਂ ਦੇ ਮਾਮਲਿਆਂ ਨੂੰ ਲੈ ਕੇ ਜਨਤਕ ਤੌਰ 'ਤੇ ਆਪਣੀ ਆਵਾਜ਼ ਚੁੱਕਦੇ ਰਹੇ ਹਨ। ਇਸ ਤੋਂ ਇਲਾਵਾ ਸਰਦਾਰ ਬਲਵਿੰਦਰ ਸਿੰਘ ਸੇਖੋਂ ਪਾਣੀਆਂ ਦੇ ਮੁੱਦੇ ਉੱਪਰ ਵੀ ਜਿੱਥੇ ਆਵਾਜ਼ ਚੁੱਕਦੇ ਆ ਰਹੇ ਹਨ, ਉਥੇ ਹੀ ਪਾਣੀ ਦੀ ਸਾਂਭ ਸੰਭਾਲ ਅਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਕਈ ਯਤਨਸ਼ੀਲ ਰਹੇ ਹਨ। ਬਾਪੂ ਤਰਸੇਮ ਸਿੰਘ ਵਲੋਂ ਜਿਥੇ ਸ਼ਾਮਲ ਹੋਈਆਂ ਦੋਹਾਂ ਸਖ਼ਸ਼ੀਅਤਾਂ ਦਾ ਸਵਾਗਤ ਕੀਤਾ ਗਿਆ ਓਥੇ ਹੀ ਓਹਨਾਂ ਕਿਹਾ ਕਿ, ਦੋਹਾਂ ਸ਼ਖ਼ਸ਼ੀਅਤਾਂ ਦਾ ਤਜਰਬਾ ਅਤੇ ਪੰਜਾਬ ਦੇ ਅਹਿਮ ਮੁੱਦਿਆਂ ਬਾਰੇ ਉਨ੍ਹਾਂ ਦੀ ਸਮਝ ਪਾਰਟੀ ਦੀਆਂ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਦੇਣ ਵਿੱਚ ਸਹਾਇਕ ਹੋਵੇਗੀ। ਬਾਪੂ ਤਰਸੇਮ ਸਿੰਘ ਨੇ ਕਿਹਾ ਕਿ, ਅੱਜ ਅਕਾਲੀ ਦਲ 'ਵਾਰਿਸ ਪੰਜਾਬ ਦੇ' ਬਾਕੀ ਸਫ਼ਾ 7 'ਤੇ

'ਗਿਆਨੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰੋ, ਪਿਛਲੀਆਂ ਚੋਣਾਂ ਵੀ ਰੱਦ ਕਰੋ' : ਅਰਵਿੰਦ ਕੇਜਰੀਵਾਲ

ਦੇਸ਼ ਪ੍ਰਦੇਸ਼

ਦਿੱਲੀ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ) : ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਅੱਗੇ ਕਿਹਾ

ਸਮਰਾਲਾ ਮੰਡੀ ਦੇ ਆੜ੍ਹਤੀਆਂ ਵੱਲੋਂ ਸਰਕਾਰੀ ਖਰੀਦ ਤਰੁੰਤ ਸ਼ੁਰੂ ਕਰਨ ਦੀ ਮੰਗ

ਸਮਰਾਲਾ, 24 ਸਤੰਬਰ (ਬ੍ਰਹਮਜੋਤ ਭੰਗਲਾਂ) ਅਨਾਜ ਮੰਡੀ ਦੀ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਆਲਮਦੀਪ ਸਿੰਘ ਮੱਲਮਾਜਰਾ ਅਤੇ ਸ਼ੈਲਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਤੇਜੀ ਦਾਣਾ ਮੰਡੀ ਵਿਚ ਸੱਦੀ ਮੀਟਿੰਗ ਦੌਰਾਨ ਸਰਕਾਰ ਨੂੰ ਮੰਗ ਕੀਤੀ ਕਿ ਅਗੇਤਾ ਝੋਨਾ ਅਨਾਜ ਮੰਡੀ ਵਿੱਚ ਆਉਣਾ ਸ਼ੁਰੂ ਹੋ ਗਿਆ ਹੈ ਪਰ ਸਰਕਾਰੀ ਖਰੀਦ ਸ਼ੁਰੂ ਨਾ ਹੋਣ ਕਾਰਨ ਕਿਸਾਨਾਂ, ਮੰਡੀ ਦੇ ਮਜ਼ਦੂਰਾਂ ਅਤੇ ਆੜ੍ਹਤੀਆ ਲਈ ਪ੍ਰੇਸ਼ਾਨੀ ਪੈਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਵਾਰ ਕਿਸਾਨਾਂ ਤੋਂ ਝੋਨੇ ਦੀ ਬਿਜਾਈ 10 ਦਿਨ ਪਹਿਲਾਂ ਕਰਵਾ ਲਈ ਸੀ ਇਸ ਲਈ ਝੋਨੇ ਦੀ ਸਰਕਾਰੀ ਖਰੀਦ ਦੀ ਤਾਰੀਖ ਵੀ ਪਹਿਲੀ ਅਕਤੂਬਰ ਦੀ ਬਜਾਏ 10 ਦਿਨ ਪਹਿਲਾਂ ਕੀਤੀ ਜਾਵੇ। ਐਸੋਸੀਏਸ਼ਨ ਦੇ ਪ੍ਰਧਾਨ ਆਲਮਦੀਪ ਸਿੰਘ ਨੇ ਕਿਹਾ ਕਿ ਇਸ ਵਾਰ ਅਗੇਤੀ ਝੋਨਾ ਤਕਰੀਬਨ 10 ਦਿਨ ਪਹਿਲਾਂ ਹੀ ਮੰਡੀਆਂ ਵਿੱਚ ਪਹੁੰਚਣਾ ਸ਼ੁਰੂ ਹੋ ਗਿਆ ਹੈ ਅਤੇ ਲਗਭਗ ਪੰਜ ਪ੍ਰਤੀਸ਼ਤ ਝੋਨਾ ਮੰਡੀਆਂ ਵਿੱਚ ਆ ਗਿਆ ਹੈ । ਜੇਕਰ ਸਰਕਾਰ ਵੱਲੋਂ ਨਿਰਧਾਰਤ ਪਹਿਲੀ ਤਾਰੀਖ ਤੋਂ ਹੀ ਸਰਕਾਰੀ ਖਰੀਦ ਸ਼ੁਰੂ ਕੀਤੀ ਜਾਂਦੀ ਹੈ ਤਾਂ ਨਿਸ਼ਚਿਤ ਕੀਤੀ ਪਹਿਲੀ ਅਕਤੂਬਰ ਤੱਕ ਮੰਡੀਆਂ ਵਿੱਚ ਝੋਨੇ ਦੀ 35 ਪ੍ਰਤੀਸ਼ਤ ਆਮਦ ਹੋ ਜਾਣ ਕਾਰਨ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗ ਜਾਣਗੇ ਜਿਸ ਕਾਰਨ ਫਸਲ ਨੂੰ ਸੰਭਾਲਣਾ ਮੁਸ਼ਕਲ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਵਿੱਚ ਜੇਕਰ ਸਰਕਾਰੀ ਖਰੀਦ ਸ਼ੁਰੂ ਨਾ ਹੋਈ ਤਾਂ ਕਿਸਾਨਾਂ ਨੂੰ ਆਪਣੀ ਫਸਲ ਵੇਚਣ

ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਆੜਤੀਆ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਗੇਤੀ ਝੋਨੇ ਦੀ ਫਸਲ ਦੀ ਸਰਕਾਰੀ ਖਰੀਦ ਹੁਣ ਤੋਂ ਹੀ ਸ਼ੁਰੂ ਕਰਵਾਈ ਜਾਵੇ, ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਮੰਡੀਆਂ ਵਿੱਚ ਫਸਲ ਦੀ ਆਮਦ ਵਧਣ 'ਤੇ ਕੋਈ ਵੱਡੀ ਸਮੱਸਿਆ ਪੈਦਾ ਨਾ ਹੋਵੇ ਅਤੇ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਖੱਜਲ-ਖੁਆਰੀ ਨਾ ਝੱਲਣੀ ਪਵੇ। ਉਨ੍ਹਾਂ ਪੰਜਾਬ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਕਿ ਕੇਂਦਰ ਸਰਕਾਰ ਨਾਲ ਤੁਰੰਤ ਪੱਤਰ-ਵਿਹਾਰ ਕਰਕੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਨ ਦੀ ਨਿਸ਼ਚਿਤ ਕੀਤੀ ਇੱਕ ਅਕਤੂਬਰ ਦੀ ਤਾਰੀਖ ਨੂੰ ਪਹਿਲਾਂ ਕਰਵਾ ਕੇ ਅੱਜ ਤੋਂ ਹੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਜਾਵੇ। ਇਸ ਮੌਕੇ ਤੇ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਤੇਜਿੰਦਰ ਸਿੰਘ ਤੇਜੀ ਰਾਜੇਵਾਲ ਨੇ ਕਿਹਾ ਕਿ ਨਾ ਸਿਰਫ ਪਿਛਲੇ ਸਾਲ ਦਾ ਚੌਲ ਸੈਲਰਾਂ ਵਿੱਚ ਚੱਕਣ ਤੋਂ ਪਿਆ ਹੈ ਬਲਕਿ ਪਿਛਲੇ ਸਾਲ ਸਰਕਾਰ ਵੱਲੋਂ ਕਣਕ ਦੀ ਫਸਲ ਵੀ ਸੈਲਰਾਂ ਦੇ ਵਿੱਚ ਸਟੋਰ ਕੀਤੀ ਹੋਈ ਹੈ ਇਸ ਲਈ ਜੇਕਰ ਸਰਕਾਰ ਨੇ ਸ਼ੈਲਰਾਂ ਵਿੱਚ ਪਏ ਚੌਲਾਂ ਨੂੰ ਚੁੱਕਣ ਦਾ ਕੰਮ ਤੁਰੰਤ ਸ਼ੁਰੂ ਨਾ ਕੀਤਾ ਤਾਂ ਅਗਲੀ ਕਣਕ ਦੀ ਫਸਲ ਨੂੰ ਰੱਖਣ ਲਈ ਗੰਭੀਰ ਸਮੱਸਿਆ ਪੈਦਾ ਹੋ ਜਾਵੇਗੀ। ਮੱਲਮਾਜਰਾ ਅਤੇ ਰਾਜੇਵਾਲ ਕਿਹਾ ਕਿ ਸਹਹੱਦੀ ਖੇਤਰਾਂ ਵਿੱਚ ਝੋਨੇ ਦੀ ਅਗੇਤੀ ਫਸਲ ਮੰਡੀਆਂ ਵਿੱਚ ਆਉਣ @ਤੇ ਪੂਰਾ ਰੇਟ ਨਾ ਮਿਲਣ ਕਾਰਨ ਕਿਸਾਨਾਂ ਦੀ ਹੋਣ ਵਾਲੀ ਲੁੱਟ ਤੋਂ ਬਚਾਉਣ ਲਈ ਪੰਜਾਬ ਸਰਕਾਰ ਕੇਂਦਰ ਸਰਕਾਰ ਨਾਲ ਤੁਰੰਤ ਰਾਬਤਾ ਕਰਕੇ ਝੋਨੇ ਦੀ ਸਰਕਾਰੀ ਖਰੀਦ ਅੱਜ ਹੀ ਸ਼ੁਰੂ ਕਰਵਾਏ ਅਤੇ ਉਹ ਭਵਿੱਖ ਵਿੱਚ ਗੰਭੀਰ ਸਮੱਸਿਆ ਪੈਦਾ ਹੋਣ ਤੋਂ ਰੋਕਣ ਲਈ ਸ਼ੈਲਰਾਂ ਵਿੱਚੋਂ ਚੌਲਾਂ ਦੀਆਂ ਸਪੈਸ਼ਲਾ ਲਾਉਣ ਦਾ ਪ੍ਰਬੰਧ ਕਰੇ।

ਇੰਦਰਜੀਤ ਸਿੰਘ ਕੰਗ ਨੂੰ ਸਦਮਾ, ਸਹੁਰੇ ਦਾ ਦੇਹਾਂਤ



ਸਮਰਾਲਾ, 23 ਸਤੰਬਰ (ਬ੍ਰਹਮਜੋਤ ਭੰਗਲਾਂ) ਸਾਹਿਤ ਸਭਾ ਸਮਰਾਲਾ ਅਤੇ ਅਧਿਆਪਕ ਚੇਤਨਾ ਮੰਚ ਸਮਰਾਲਾ ਦੇ ਪ੍ਰੈੱਸ ਸਕੱਤਰ ਅਤੇ ਸਮਾਜਸੇਵੀ ਇੰਦਰਜੀਤ ਸਿੰਘ ਕੰਗ ਦੇ ਸਹੁਰਾ ਕਸ਼ਮੀਰਾ ਸਿੰਘ ਭੰਗੂ (ਸੇਹ) ਦਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਬੀਤੇ ਦਿਨ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਸੇਹ ਦੇ ਸਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਤੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਸਾਹਿਤ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ, ਲੇਖਕ ਮੰਚ ਦੇ ਸਰਪ੍ਰਸਤ ਡਾ. ਪਰਮਿੰਦਰ ਸਿੰਘ ਬੈਨੀਪਾਲ, ਅਧਿਆਪਕ ਚੇਤਨਾ ਮੰਚ ਦੇ ਪ੍ਰਧਾਨ ਵਿਜੈ ਕੁਮਾਰ ਸ਼ਰਮਾ, ਪੰਜਾਬ ਪੈਨਸ਼ਨਰਜ਼ ਕਲਿਆਣ ਸੰਗਠਨ ਦੇ ਪ੍ਰਧਾਨ ਮੇਘ ਸਿੰਘ ਜਵੰਦਾ, ਕਹਾਣੀਕਾਰ ਸੰਦੀਪ ਸਮਰਾਲਾ, ਅਮਨ ਸਮਰਾਲਾ, ਮੁਖਤਿਆਰ ਸਿੰਘ ਸੁਖਜੀਤ ਗੁਰਦੀਪ ਕੌਰ, ਯਤਿੰਦਰ ਕੌਰ ਮਾਹਲ, ਸੁਰਿੰਦਰ ਰਾਮਪੁਰੀ, ਐਡਵੋਕੇਟ ਨਰਿੰਦਰ ਸ਼ਰਮਾ, ਮਨੋਜ ਕੁਮਾਰ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀ:), ਪੁਖਰਾਜ ਸਿੰਘ ਘੁਲਾਲ, ਦੀਪ ਦਿਲਬਰ, ਕਮਲਜੀਤ ਘੁੰਗਰਾਲੀ ਸਿੱਖਾਂ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਨਮਿਤ ਕਸ਼ਮੀਰਾ ਸਿੰਘ ਭੰਗੂ (ਸੇਹ) ਦੀ ਅੰਤਿਮ ਅਰਦਾਸ 29 ਸਤੰਬਰ ਦਿਨ ਮੰਗਲਵਾਰ ਨੂੰ ਗੁਰਦੁਆਰਾ ਸਾਹਿਬ ਪਿੰਡ ਸੇਹ (ਸਮਰਾਲਾ) ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ। ਜਿਸ ਵਿੱਚ ਇਲਾਕੇ ਦੀਆਂ ਵੱਖ ਵੱਖ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਪੁੱਜਣਗੇ।

ਮਾਂ ਨੈਣਾਂ ਦੇਵੀ ਕਲੱਬ ਵੱਲੋਂ ਕਰਵਾਏ ਗਏ ਜਾਗਰਣ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕੀਤੀ ਸ਼ਮੂਲੀਅਤ

ਨਾਭਾ, 23 ਸਤੰਬਰ(ਰਾਕੇਸ਼ ਜਿੰਦਲ)- ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਖੇ ਮਾਂ ਨੈਣਾਂ ਦੇਵੀ ਕਲੱਬ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਜਾਗਰਣ ਮੌਕੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਮਲਕੀਤ ਐਗਰੋਟੈਕ ਇੰਡਸਟਰੀ ਦੇ ਐਮ ਡੀ ਚਰਨ ਸਿੰਘ, ਹਰਦੇਵ ਕੰਬਾਈਨ ਦੇ ਮਾਲਕ ਪਾਖਰ ਸਿੰਘ, ਧਨੰਜੇ ਵਾਲੀਆ, ਅਰੋੜਾ ਵੈਂਸ਼ ਵੈਲਫੇਅਰ ਬੋਰਡ ਨਾਭਾ ਦੇ ਚੇਅਰਮੈਨ ਹੈਪੀ ਅਰੋੜਾ, ਬ੍ਰਹਮਣ ਵੈਲਫੇਅਰ ਬੋਰਡ ਨਾਭਾ ਦੇ ਚੇਅਰਮੈਨ ਨੀਟੂ ਸ਼ਰਮਾ ਜੱਸੋਮਾਜਰਾ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਈਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਨੌਜਵਾਨਾਂ ਵਲੋਂ ਹਰ ਸਾਲ ਕਰਵਾਏ ਜਾਂਦੇ ਇਸ ਧਾਰਮਿਕ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਹੋ ਜਿਹੇ ਸਮਾਗਮ ਕਰਵਾਉਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਇੱਕ ਚੰਗੀ ਸੇਧ ਮਿਲ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਪ੍ਰਧਾਨ ਅੰਮ੍ਰਿਤਪਾਲ ਸਿੰਘ ਕਾਕਾ, ਬੌਬੀ ਨਾਭਾ, ਗੁਰਪ੍ਰੀਤ ਸਿੰਘ ਕਾਕਾ, ਕਰਮਚੰਦ ਸਿੰਘ ਸੋਨੂੰ, ਸੇਠੀ ਨਾਭਾ, ਭੁਪਿੰਦਰ ਸਿੰਘ ਚੈਨੀ, ਰਣਜੀਤ ਸਿੰਘ, ਯੂਥ ਆਗੂ ਲਾਡੀ ਖਹਿਰਾ, ਜਸਕਰਨਵੀਰ ਸਿੰਘ ਤੇਜੇ ਆਦਿ ਵੀ ਮੌਜੂਦ ਸਨ।

ਬਾਬਾ ਖੇਮ ਦਾਸ ਜੀ ਦੀ ਯਾਦ ਨੂੰ ਸਮਰਪਿਤ 266 ਵਾਂ ਅੱਖਾਂ ਦਾ ਮੁਫਤ ਲੈਂਜ ਕੈਂਪ 26 ਨੂੰ

ਭਗਤਾ ਭਾਈਕਾ 23 ਸਤੰਬਰ (ਸਿਕੰਦਰ ਸਿੰਘ ਕੋਇਰ ਸਿੰਘ ਵਾਲਾ) ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਜੀ ਦੇ ਅਸ਼ੀਰਵਾਦ ਨਾਲ ਮੌਜੂਦਾ ਗੱਦੀ ਨਸ਼ੀਨ ਸ਼੍ਰੀ ਮਾਨ ਸੁਆਮੀ ਬ੍ਰਹਮਮੁਨੀ ਜੀ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਮਾਨ ਬਾਬਾ ਗੰਗਾ ਰਾਮ ਦੇ ਯਤਨਾਂ ਸਦਕਾ ਬਾਬਾ ਖੇਮ ਦਾਸ ਦੀ ਯਾਦ ਨੂੰ ਸਮਰਪਿਤ 266ਵਾਂ ਅੱਖਾਂ ਦਾ ਮੁਫਤ ਲੈਂਜ ਕੈਂਪ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲ (ਬਠਿੰਡਾ) ਜੋ ਕਿ ਗੁਰੂਸਰ ਬਸ ਸਟੈਂਡ ਉੱਪਰ ਸਥਿਤ ਹੈ 26 ਸਤੰਬਰ ਦਿਨ ਸਨਿਚਰਵਾਰ ਨੂੰ ਲਗਾਇਆ ਜਾ ਰਿਹਾ ਹੈ ਜਿਸ ਬਾਰੇ ਜਾਣਕਾਰੀ ਦਿੰਦਿਆਂ ਬਾਬਾ ਗੰਗਾ ਰਾਮ ਨੇ ਦੱਸਿਆ ਕਿ ਉੱਚ ਕੋਟੀ ਦੇ ਡਾਕਟਰ ਰਵੀਕਾਂਤ ਬਾਂਸਤਰਾ, ਡਾ ਮਿਨਾਕਸ਼ੀ ਸਿੰਧੂ ਅਤੇ ਡਾ ਜੈਸਨ ਜੱਟਾ ਮਰੀਜਾ ਦਾ ਚੈੱਕਅਪ ਕਰਨਗੇ ਚੈੱਕਅਪ ਉਪਰੰਤ ਉਪਰੇਸ਼ਨ ਯੋਗ ਮਰੀਜਾਂ ਦੇ ਮੁਫਤ ਲੈਂਜ ਪਾਏ ਜਾਣਗੇ ਅਤੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ ਨਾਲ ਹੀ ਬੇਨਤੀ ਕੀਤੀ ਕਿ ਮਰੀਜ ਆਪਣੇ ਨਾਲ ਅਧਾਰ ਕਾਰਡ , ਵੋਟ ਕਾਰਡ ਜਾਂ ਪੈਨ ਕਾਰਡ ਦੀ ਫੋਟੋ ਕਾਪੀ ਅਤੇ ਇੱਕ ਵਾਰਸ ਨੂੰ ਜ਼ਰੂਰ ਨਾਲ ਲੈ ਕੇ ਆਉਣ ਅਤੇ ਇਸ਼ਨਾਨ ਕਰਕੇ ਆਉਣ । ਦਿਲ ਅਤੇ ਸ਼ੂਗਰ ਦੇ ਮਰੀਜਾਂ ਦੇ ਉਪਰੇਸ਼ਨ ਨਹੀ ਕੀਤੇ ਜਾਣਗੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਇਸ ਮੌਕੇ ਸਮੁੱਚਾ ਸਟਾਫ ਹਾਜ਼ਰ ਰਿਹਾ।

ਮੰਤਰੀ ਮੁੰਡੀਆਂ ਦੇ ਕਰੀਬੀ ਦੇ ਘਰ ਈਡੀ ਦੀ ਕਾਰਵਾਈ ਤੋਂ ਬਾਅਦ ਅਸਤੀਫ਼ੇ ਦੀ ਮੰਗ

ਸਰਬਜੀਤ ਸੂਫ਼ੀ ਲੁਧਿਆਣਾ, ਸਾਹਨੇਵਾਲ ਤੋਂ ਸੀਨੀਅਰ ਕਾਂਗਰਸੀ ਆਗੂ ਅਤੇ ਐਡਵੋਕੇਟ ਮਨਵੀਰ ਸਿੰਘ ਧਾਲੀਵਾਲ ਨੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਕਰੀਬੀ ਰਿਸ਼ਤੇਦਾਰ ਦੇ ਘਰ ਈਡੀ ਦੀ ਕਾਰਵਾਈ ਤੋਂ ਬਾਅਦ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਰਪੱਖ ਜਾਂਚ ਲਈ ਮੰਤਰੀ ਨੂੰ ਨੈਤਿਕ ਜ਼ਿੰਮੇਵਾਰੀ ਤਹਿਤ ਅਹੁਦੇ ਤੋਂ ਹਟ ਕੇ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਹੈ।ਧਾਲੀਵਾਲ ਨੇ ਕਿਹਾ ਕਿ ਮਾਮਲੇ ਦੀ ਜਾਂਚ ਨੂੰ ਅਕਾਲੀ ਸਰਕਾਰ ਵੇਲੇ ਦੇ ਸਿੰਚਾਈ ਮਾਮਲੇ ਵਾਂਗ ਠੰਢੇ ਬਸਤੇ ਵਿੱਚ ਨਹੀਂ ਪਾਇਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਦੌਰਾਨ ਕੋਈ ਗੈਰ-ਕਾਨੂੰਨੀ ਲੈਣ-ਦੇਣ ਜਾਂ ਵਿੱਤੀ ਬੇਨਿਯਮਤਾ ਸਾਹਮਣੇ ਆਉਂਦੀ ਹੈ ਤਾਂ ਕਾਨੂੰਨ ਅਨੁਸਾਰ ਕਾਰਵਾਈ ਹੋਵੇ ਅਤੇ ਜੇ ਦੋਸ਼ ਸਾਬਤ ਨਾ ਹੋਣ ਤਾਂ ਇਹ ਤੱਥ ਵੀ ਜਨਤਕ ਕੀਤੇ ਜਾਣ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਵੀ ਮਾਮਲੇ 'ਤੇ ਸਥਿਤੀ ਸਪੱਸ਼ਟ ਕਰਨ ਅਤੇ ਈਡੀ ਦੀ ਕਾਰਵਾਈ ਨਾਲ ਸਬੰਧਤ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ। ਧਾਲੀਵਾਲ ਨੇ ਕਿਹਾ ਕਿ ਜਾਂਚ ਮੁਕੰਮਲ ਹੋਣ ਤੱਕ ਮੰਤਰੀ ਮੁੰਡੀਆਂ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਕੇ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਜਨਗਣਨਾ 2027 ਦੂਜੇ ਫੇਜ ਸਬੰਧੀ ਫਾਜਿਲਕਾ ਵਿਖੇ ਫੀਲਡ ਟ੍ਰੇਨਰਾਂ ਦੀ ਤਿੰਨ ਦਿਨਾਂ ਟ੍ਰੇਨਿੰਗ ਹੋਈ ਮੁਕੰਮਲ

ਫਾਜ਼ਿਲਕਾ 23 ਸਤੰਬਰ (ਮਨੋਜ ਕੁਮਾਰ) ਜਨਗਣਨਾ 2027 ਦੇ ਦੂਜੇ ਫੇਜ ਨੂੰ ਸੁਚਾਰੂ, ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਜ਼ਿਲ੍ਹਾ ਫਾਜ਼ਿਲਕਾ ਵਿੱਚ ਤਿਆਰੀਆਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ) ਡਾ ਮਨਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੈਂਸਜ 2027 ਦੇ ਦੂਜੇ ਫੇਜ ਅਬਾਦੀ ਦੀ ਗਣਨਾ ਸਬੰਧੀ ਫੀਲਡ ਟ੍ਰੇਨਰਾਂ ਦੀ 3 ਰੋਜ਼ਾ ਟ੍ਰੇਨਿੰਗ ਮੁਕੰਮਲ ਹੋਈ। ਜਨਗਨਣਾ ਦੇ ਸਫਲ ਆਯੋਜਨ ਲਈ ਜ਼ਿਲਾ ਫਾਜ਼ਿਲਕਾ ਵਿੱਚ ਦੂਜੇ ਫੇਜ ਤਹਿਤ ਤਿੰਨ ਦਿਨਾਂ ਵਿਸ਼ੇਸ਼ ਟ੍ਰੇਨਿੰਗ (21 ਸਤੰਬਰ ਤੋਂ 23 ਸਤੰਬਰ 2026) ਤਹਿਤ ਸੈਂਸਜ ਵਿਭਾਗ ਚੰਡੀਗੜ੍ਹ ਤੋਂ ਜੁਆਇੰਟ ਡਾਇਰੈਕਟਰ ਸ਼੍ਰੀ ਆਰ.ਪੀ.ਸਿੰਘ, ਸੈਂਸਜ ਕੋਆਰਡੀਨੇਟਰ ਫਾਜਿਲਕਾ ਸ਼੍ਰੀ ਕਾਰਤਿਕ ਆਰਿਆ ਅਤੇ ਚੰਡੀਗੜ੍ਹ ਤੋਂ ਟ੍ਰੇਨਿੰਗ ਪ੍ਰਾਪਤ ਕਰਕੇ ਆਏ ਮਾਸਟਰ ਟ੍ਰੇਨਰ ਫਾਜ਼ਿਲਕਾ ਲੈਕਚਰਾਰ ਸ਼੍ਰੀ ਸੰਦੀਪ ਅਨੇਜਾ ਜੀ ਅਤੇ ਵੱਲੋਂ ਇਸ ਟ੍ਰੇਨਿੰਗ ਵਿੱਚ 40 ਫੀਲਡ ਟ੍ਰੇਨਰਾਂ ਨੂੰ ਟ੍ਰੇਨਿੰਗ ਦਿੱਤੀ ਗਈ। ਸੈਂਸਜ ਮੁੱਖ ਦਫਤਰ ਚੰਡੀਗੜ੍ਹ ਵੱਲੋਂ ਸੈਂਸਜ 2027 ਲਈ ਫਾਜਿਲਕਾ ਜ਼ਿਲ੍ਹੇ ਲਈ ਨਿਯੁਕਤ ਸਾਰੇ ਫੀਲਡ ਟ੍ਰੇਨਰਾਂ ਲਈ ਟ੍ਰੇਨਿੰਗ ਕਿੱਟਾਂ ਮੁਹਈਆ ਕਰਵਾਈਆ ਗਈਆ ਹਨ ਤਾਂਕਿ ਫੀਲਡ ਟ੍ਰੇਨਰ ਸਮੂਹ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਨੂੰ ਵਧੀਆ ਅਤੇ ਵਿਸਤਾਰਪੂਰਵਕ ਟ੍ਰੇਨਿੰਗ ਦੇ ਸਕਣ। ਟ੍ਰੇਨਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਕਮ ਜਿਲ੍ਹਾ ਸੈਂਸਜ ਅਫਸਰ ਫਾਜਿਲਕਾ ਡਾ. ਮਨਦੀਪ ਕੌਰ ਵੱਲੋਂ ਸਾਰੇ 40 ਫੀਲਡ ਟ੍ਰੇਨਰਾਂ ਨੂੰ ਟ੍ਰੇਨਿੰਗ ਕਿੱਟ ਵੰਡਦੇ ਹੋਏ ਹਦਾਇਤ ਕੀਤੀ ਗਈ ਕਿ ਸੈਂਸਜ 2027 ਦੇ ਦੂਜੇ ਫੇਜ ਦੇ ਕੰਮਾਂ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਨਾ ਵਰਤੀ ਜਾਵੇ ਅਤੇ ਸਾਰੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਪੂਰੀ ਨਿਸ਼ਠਾ ਅਤੇ ਸਮੇਂ ਸਿਰ ਨਿਭਾਈਆਂ ਜਾਣ। ਜਨਗਣਨਾ 2027 ਦੂਜੇ ਫੇਜ ਦੀ ਟ੍ਰੇਨਿੰਗ ਦੇ ਤੀਜੇ ਅਤੇ ਆਖਰੀ ਦਿਨ ਟ੍ਰੇਨਿੰਗ ਵਿੱਚ ਵੱਖ-ਵੱਖ ਤਕਨੀਕੀ ਅਤੇ ਪ੍ਰਸ਼ਾਸਕੀ ਪੱਖਾਂ ਬਾਰੇ ਵਿਸਥਾਰਪੂਰਵਕ ਪ੍ਰੈਕਟੀਕਲ ਤੌਰ ਤੇ ਟ੍ਰੇਨਿੰਗ ਦਿ

ਖਰੜ ਦੇ ਵਾਰਡ ਨੰਬਰ 16 ਵਿਚ ਸਥਿਤ ਗੁਰੂ ਨਾਨਕ ਪਾਰਕ ਦੀ ਤਰਸਯੋਗ ਹਾਲਤ ਦੀ ਸਾਬਕਾ ਮੰਤਰੀ ਜਗਮੋਹਨ ਕੰਗ ਵਲੋਂ ਸੁਧਾਰ ਦੀ ਮੰਗ

ਸ਼ਸ਼ੀ ਪਾਲ ਜੈਨ

ਖਰੜ, 23 ਸਤੰਬਰ: ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਉਹ ਪਿਛਲੀ ਕਾਂਗਰਸ ਸਰਕਾਰ ਸਮੇਂ ਉਨਾਂ ਵਾਰਡ ਨੰਬਰ:16, ਨੇੜੇ ਏ.ਪੀ.ਜੇ. ਸਕੂਲ ਵਿਖੇ ਬੜੀ ਮਿਹਨਤ ਕਰਕੇ, ਨਾਜਾਇਜ ਕਬਜੇ ਛੁੜਵਾ ਕੇ ਪਹਿਲੀ ਪਾਤਸਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਮਹਾਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂਪੁਰਬ ਦੇ ਪਵਿੱਤਰ ਦਿਹਾੜੇ 'ਤੇ "ਗੁਰੂ ਨਾਨਕ ਪਬਲਿਕ ਪਾਰਕ"ਬਣਵਾਇਆ ਸੀ। ਉਨਾਂ ਕਿਹਾ ਕਿ ਜਿੱਥੇ ਕਿ ਪਹਿਲਾਂ ਕੂੜੇ ਦੇ ਢੇਰ ਲੱਗੇ ਰਹਿੰਦੇ ਸਨ ਅਤੇ ਜਿੱਥੇ ਬਰਸਾਤੀ ਪਾਣੀ ਵੀ ਜਮਾਂ ਹੁੰਦਾ ਸੀ, ਉਥੇ ਇਹ ਪਾਰਕ ਬਣਾਇਆ ਗਿਆ। ਉਨਾਂ ਕਿਹਾ ਕਿ ਉਹ ਵਾਰਡ ਨਿਵਾਸੀਆਂ ਦੀ ਮੰਗ 'ਤੇ ਇਸ ਪਾਰਕ ਦਾ ਮੌਕਾ ਵੇਖਣ ਗਏ ਅਤੇ ਬਹੁਤ ਦੁਖੀ ਹੋਏ ਕਿ ਇਸ ਪਾਰਕ ਦਾ ਬੁਰਾ ਹਾਲ ਹੈ।ਉਨਾਂ ਕਿਹਾ ਕਿ ਪ੍ਰਸਾਸ਼ਨ ਦੀ ਅਣਗਹਿਲੀ ਕਾਰਨ ਇਹ ਪਾਰਕ ਰੁੱਲ ਰਿਹਾ ਹੈ। ਉਨਾਂ ਕਿਹਾ ਕਿ ਸ਼ਹਿਰਾਂ ਵਿਚ ਬੇਸੁਮਾਰ ਆਬਾਦੀ ਵਧਣ ਕਰਕੇ ਜਨਤਾ ਦੇ ਘੁੰਮਣ, ਫਿਰਨ ਅਤੇ ਸੈਰ ਕਰਨ ਆਦਿ ਲਈ ਅਜਿਹੇ ਪਾਰਕ ਬਣਨੇ ਬਹੁਤ ਜਰੂਰੀ ਹਨ। ਉਨਾਂ ਕਿਹਾ ਕਿ ਜਦੋਂ ਨਗਰ ਕੌਂਸਲ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਤਾਂ ਉਨਾਂ ਪਾਰਕਾਂ ਦੀ ਦੇਖਭਾਲ ਕਿਉਂ ਨਹੀਂ ਹੋ ਰਹੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਿੰਦਰ ਸਿੰਘ ਰੋਮੀ ਕੰਗ, ਰਮਨ ਦੱਤਾ, ਹਰਬੰਸ ਸਿੰਘ, ਮਾਸਟਰ ਸ਼ਿੰਗਾਰਾ ਸਿੰਘ, ਜਗਰੂਪ ਸਿੰਘ ਗਿੱਲ, ਕੁਲਵੰਤ ਸਿੰਘ ਸੇਰਗਿੱਲ, ਕਮਲ ਕਿਸ਼ੋਰ, ਦਵਿੰਦਰ ਸਿੰਘ, ਦਲਜੀਤ ਸਿੰਘ, ਰਮਨਪ੍ਰੀਤ ਸਿੰਘ, ਹਰਸਿਮਰਨਜੀਤ ਸਿੰਘ, ਹਰਮਨ ਸਿੰਘ, ਦਿਲਪ੍ਰੀਤ ਸਿੰਘ, ਕਮਲਜੀਤ ਕੌਰ, ਗਿਆਨ ਸਿੰਘ ਬਿੰਦ ਆਦਿ ਹਾਜ਼ਰ ਸਨ।

ਖਰੜ ਵਿੱਚ ਵਿਕਾਸ ਕਾਰਜਾਂ ਦਾ ਸਿਲਸਿਲਾ ਜਾਰੀ, ਗੋਲਡੀ ਵੱਲੋਂ ਵਾਰਡ ਨੰਬਰ 4 ਵਿੱਚ 86 ਲੱਖ ਦੇ ਕੰਮ ਸ਼ੁਰੂ

ਸ਼ਸ਼ੀ ਪਾਲ ਜੈਨ

ਖਰੜ, 23 ਸਤੰਬਰ: ਖਰੜ ਵਿੱਚ ਵਿਕਾਸ ਕਾਰਜਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪਿਛਲੇ ਦਿਨ ਹਲਕਾ ਖਰੜ ਦੇ ਇੰਚਾਰਜ ਅਤੇ ਚੇਅਰਮੈਨ, ਯੂਥ ਡਿਵੈਲਪਮੈਂਟ ਬੋਰਡ, ਪੰਜਾਬ ਪਰਮਿੰਦਰ ਸਿੰਘ ਗੋਲਡੀ ਵੱਲੋਂ ਲਗਭਗ 1.25 ਕਰੋੜ ਰੁਪਏ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਣ ਤੋਂ ਬਾਅਦ ਹੁਣ ਵਾਰਡ ਨੰਬਰ 4 ਵਿੱਚ ਲਗਭਗ 86 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਵੀ ਉਨਾਂ ਵੱਲੋਂ ਕਰਵਾਈ ਗਈ। ਵਾਰਡ ਨੰਬਰ 4 ਵਿੱਚ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਵਿੱਚ ਜੰਡਪੁਰ ਫਿਰਨੀ ਲਿੰਕ ਰੋਡ ਲਈ 23 ਲੱਖ ਰੁਪਏ, ਮੁੰਡੇਰ ਨਗਰ ਵਿੱਚ ਸੌਂਡ ਬਣਾਉਣ ਲਈ 31.98 ਲੱਖ ਰੁਪਏ, ਹਰਲਾਲਪੁਰ ਰੋਡ ਲਈ 6.95 ਲੱਖ ਰੁਪਏ ਅਤੇ ਅਮਨ ਸਿਟੀ ਦੇ ਨੇੜੇ ਪੇਵਰ ਟਾਈਲਾਂ ਲਗਾਉਣ ਲਈ 23.52 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਗੋਲਡੀ ਨੇ ਕਿਹਾ ਕਿ ਜੰਡਪੁਰ ਵਿਖੇ ਲਾਇਬ੍ਰੇਰੀ ਲਈ ਸਾਰਾ ਕਾਗਜੀ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਅਤੇ ਲਾਇਬ੍ਰੇਰੀ ਦਾ ਕੰਮ ਵੀ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਇਸ ਲਾਇਬ੍ਰੇਰੀ ਦੇ ਬਣਨ ਨਾਲ ਇਲਾਕੇ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪੜਾਈ ਲਈ ਵਧੀਆ ਸਹੂਲਤ ਮਿਲੇਗੀ। ਉਨਾਂ ਕਿਹਾ ਕਿ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਨਾਲ-ਨਾਲ ਕੰਮ ਦੀ ਗੁਣਵੱਤਾ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਇਸ ਮੌਕੇ ਕਾਰਜ ਸਾਧਕ ਅਧਿਕਾਰੀ ਅਸ਼ੋਕ ਪਥਰੀਆ ਸਮੇਤ ਨਗਰ ਕੌਂਸਲ ਦਾ ਦਫਤਰੀ ਸਟਾਫ, ਗੋਵਿੰਦਰ ਸਿੰਘ ਚੀਮਾ, ਹਰਬੰਸ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਗੁਰਸਰਨ ਸਿੰਘ, ਗੁਰਬਕਸ ਸਿੰਘ ਲੰਬੜਦਾਰ, ਸੁਖਬੀਰ ਰਾਏ ਅਤੇ ਜੱਸਾ ਰਾਏ ਤੋਂ ਇਲਾਵਾ ਪਾਰਟੀ ਆਗੂ, ਵਲੰਟੀਅਰ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਮੌਜੂਦ ਰਹੇ।

ਪਟਿਆਲਾ 'ਚ ਖੇਡ ਅਕੈਡਮੀ 'ਚ ਖਿਡਾਰੀਆਂ ਨੂੰ ਮਿਲੇ ਸੀਐਮ ਸੈਣੀ

ਚੰਡੀਗੜ੍ਹ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ): ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਪਟਿਆਲਾ ਦੇ ਦੌਲਤਪੁਰ ਵਿੱਚ ਕ੍ਰਿਕਟ ਅਕੈਡਮੀ ਵਿੱਚ ਨੌਜਵਾਨ ਖਿਡਾਰੀਆਂ ਅਤੇ ਬੱਚਿਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਖਿਡਾਰੀਆਂ ਨਾਲ ਕ੍ਰਿਕਟ ਵੀ ਖੇਡੀ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ। ਮੁੱਖ ਮੰਤਰੀ ਨੇ ਨੌਜਵਾਨ ਖਿਡਾਰੀਆਂ ਨੂੰ ਨਸ਼ਿਆਂ ਅਤੇ ਨਕਾਰਾਤਮਕਤਾ ਤੋਂ ਦੂਰ ਰਹਿ ਕੇ ਖੇਡਾਂ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਸਿਹਤਮੰਦ ਅਤੇ ਸ਼ਕਤੀਸ਼ਾਲੀ ਸਮਾਜ ਦੀ ਸਿਰਜਣਾ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਹੈ। ਮੁੱਖ ਮੰਤਰੀ ਨੂੰ ਆਪਣੇ ਵਿਚਕਾਰ ਇੱਕ ਆਮ ਨਾਗਰਿਕ ਵਾਂਗ ਦੇਖ ਕੇ ਨੌਜਵਾਨ ਖਿਡਾਰੀ ਕਾਫੀ ਉਤਸ਼ਾਹਿਤ ਨਜ਼ਰ ਆਏ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਪੂਰੇ ਉਤਸ਼ਾਹ ਨਾਲ ਗੱਲਬਾਤ ਕੀਤੀ।

ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੋ ਮਾਜਰਾ ਵੱਲੋਂ 'ਫਰੈਸਰ ਪਾਰਟੀ' ਦਾ ਆਯੋਜਨ

ਸਸੀ ਪਾਲ ਜੈਨ

ਖਰੜ, 23 ਸਤੰਬਰ: ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੋ ਮਾਜਰਾ ਖਰੜ ਵਿਖੇ ਨਵੇਂ ਵਿਦਿਆਰਥੀਆਂ ਦੇ ਸਵਾਗਤ ਲਈ ਇੱਕ 'ਫਰੈਸਰ ਪਾਰਟੀ' ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਸੰਗੀਤ, ਡਾਂਸ ਅਤੇ ਮਨੋਰੰਜਨ ਨਾਲ ਭਰਪੂਰ ਸੀ। ਸਮਾਗਮ ਦੌਰਾਨ ਸਵਾਗਤੀ ਭਾਸ਼ਣ, ਗੀਤ, ਸੋਲੋ ਅਤੇ ਗਰੁੱਪ ਡਾਂਸ ਦੇ ਨਾਲ-ਨਾਲ ਭੰਗੜਾ ਅਤੇ ਗਿੱਧਾ ਪੇਸ਼ ਕੀਤਾ ਗਿਆ। ਇਸ ਪਾਰਟੀ ਨੇ ਇੱਕ ਖੁਸਗਵਾਰ ਅਤੇ ਦੋਸਤਾਨਾ ਮਾਹੌਲ ਸਿਰਜਿਆ। ਆਤਮ-ਵਿਸ਼ਵਾਸ ਭਰਪੂਰ ਰੈਂਪ ਵਾਕ ਤੋਂ ਬਾਅਦ, ਜਸਵੀਨ (ਬੀ.ਕਾਮ. ਪਹਿਲਾ ਸਾਲ) ਅਤੇ ਜਸਨਪ੍ਰੀਤ ਕੌਰ (ਬੀ.ਏ. ਪਹਿਲਾ ਸਾਲ) ਨੂੰ ਕ੍ਰਮਵਾਰ 'ਮਿਸਟਰ ਫਰੈਸਰ' ਅਤੇ 'ਮਿਸ ਫਰੈਸਰ' ਚੁਣਿਆ ਗਿਆ। ਦਿਨ ਦੀ ਸਮਾਪਤੀ ਖੂਬਸੂਰਤ ਯਾਦਾਂ, ਖੁਸ਼ੀ ਅਤੇ ਭਰਪੂਰ ਉਤਸਾਹ ਨਾਲ ਹੋਈ। ਇਸ ਸਮੁੱਚੇ ਸਮਾਗਮ ਦਾ ਆਯੋਜਨ ਡਾ. ਵੀਰਪਾਲ ਕੌਰ ਵੱਲੋਂ ਕੀਤਾ ਗਿਆ ਸੀ।

ਡਾਇਮੰਡ ਪਬਲਿਕ ਸਕੂਲ ਵਿਖੇ ਉਤਸਾਹ ਨਾਲ ਮਨਾਇਆ ਗਿਆ ਵਿਸ਼ਵ ਪੰਜਾਬੀ ਦਿਵਸ

ਸ਼ਸ਼ੀ ਪਾਲ ਜੈਨ, ਖਰੜ, 23 ਸਤੰਬਰ: ਡਾਇਮੰਡ ਪਬਲਿਕ ਸਕੂਲ ਵਿਖੇ ਵਿਸ਼ਵ ਪੰਜਾਬੀ ਦਿਵਸ ਬੜੀ ਧੂਮਧਾਮ, ਉਤਸਾਹ ਅਤੇ ਮਾਣ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਅਮੀਰ ਸੱਭਿਆਚਾਰ ਅਤੇ ਵਿਰਸੇ ਨਾਲ ਜੋੜਨ ਲਈ ਵੱਖ-ਵੱਖ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ। ਸਮਾਗਮ ਦੌਰਾਨ ਸੁੰਦਰ ਲਿਖਾਈ, ਕਵਿਤਾ ਉਚਾਰਨ ਅਤੇ ਹੋਰ ਕਈ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦਿਆਂ ਰਵਾਇਤੀ ਪੰਜਾਬੀ ਪਹਿਰਾਵੇ ਪਹਿਨ ਕੇ ਸਮਾਗਮ ਦੀ ਰੌਣਕ ਨੂੰ ਹੋਰ ਵਧਾ ਦਿੱਤਾ। ਇਸ ਮੌਕੇ ਅਧਿਆਪਕਾ ਜਗਨਦੀਪ ਨੇ ਵਿਦਿਆਰਥੀਆਂ ਨੂੰ ਵਿਸ਼ਵ ਪੰਜਾਬੀ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਆਪਣੀ ਮਾਂ-ਬੋਲੀ ਪੰਜਾਬੀ ਨਾਲ ਪਿਆਰ ਕਰਨ ਤੇ ਇਸ ਨੂੰ ਸਤਿਕਾਰ ਨਾਲ ਬੋਲਣ ਲਈ ਪ੍ਰੇਰਿਤ ਕੀਤਾ। ਸਕੂਲ ਦੀ ਪਿ੍ੰਸੀਪਲ ਸ੍ਰੀਮਤੀ ਕਵਲਜੀਤ ਕੌਰ ਨੇ ਪੰਜਾਬੀ ਭਾਸ਼ਾ ਦੇ ਇਤਿਹਾਸ ਅਤੇ ਵਿਕਾਸ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੰਜਾਬੀ ਗੁਰੂਆਂ ਪੀਰਾਂ ਦੀ ਭਾਸ਼ਾ ਹੈ। ਬਾਬਾ ਫਰੀਦ ਤੋਂ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਵਡਮੁੱਲਾ ਯੋਗਦਾਨ ਮਿਲਿਆ ਹੈ। ਉਨਾਂ ਨੇ ਗੁਰਮੁਖੀ ਲਿਪੀ ਅਤੇ 'ਪੈਂਤੀ ਅੱਖਰੀ' ਦੀ ਮਹੱਤਤਾ ਬਾਰੇ ਵੀ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਮਨਾਂ ਵਿੱਚ ਪੰਜਾਬੀ ਭਾਸਾ ਪ੍ਰਤੀ ਪਿਆਰ, ਸਤਿਕਾਰ ਅਤੇ ਮਾਣ ਦੀ ਭਾਵਨਾ ਪੈਦਾ ਕਰਨਾ ਅਤੇ ਉਨਾਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨਾ ਸੀ।

ਖਰੜ ਸ਼ਹਿਰ 'ਚ ਵਿਗੜਦੀ ਟ੍ਰੈਫਿਕ ਵਿਵਸਥਾ ਤੋਂ ਵਪਾਰੀ, ਕਿਸਾਨ ਤੇ ਆਮ ਲੋਕ ਪਰੇਸਾਨ ਪ੍ਰਸਾਸਨ ਤੋਂ ਤੁਰੰਤ ਟ੍ਰੈਫਿਕ ਫੋਰਸ ਵਧਾਉਣ ਦੀ ਮੰਗ

ਸ਼ਸ਼ੀ ਪਾਲ ਜੈਨ

ਖਰੜ, 23 ਸਤੰਬਰ: ਖਰੜ ਸ਼ਹਿਰ ਵਿੱਚ ਦਿਨ-ਪ੍ਰਤੀਦਿਨ ਵਿਗੜਦੀ ਜਾ ਰਹੀ ਟ੍ਰੈਫਿਕ ਵਿਵਸਥਾ ਨੇ ਆਮ ਲੋਕਾਂ ਦੇ ਨਾਲ-ਨਾਲ ਵਪਾਰੀਆਂ ਅਤੇ ਕਿਸਾਨਾਂ ਦੀਆਂ ਮੁਸਕਲਾਂ ਵੀ ਕਾਫੀ ਵਧਾ ਦਿੱਤੀਆਂ ਹਨ। ਖਾਸ ਕਰਕੇ ਲਾਂਡਰਾ ਰੋਡ ਅਤੇ ਸ਼ਹਿਰ ਦੇ ਮੁੱਖ ਬਾਜਾਰਾਂ ਵਿੱਚ ਲਗਾਤਾਰ ਲੱਗਣ ਵਾਲੇ ਟ੍ਰੈਫਿਕ ਜਾਮ ਕਾਰਨ ਦੁਕਾਨਦਾਰਾਂ ਦੇ ਕਾਰੋਬਾਰ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ ਅਤੇ ਗਾਹਕਾਂ ਦੀ ਆਮਦ ਪ੍ਰਭਾਵਿਤ ਹੋ ਰਹੀ ਹੈ। ਸੜਕਾਂ ਦੇ ਦੋਵੇਂ ਪਾਸੇ ਲੋਕਾਂ ਵੱਲੋਂ ਆਪਣੀਆਂ ਕਾਰਾਂ ਖੜੀਆਂ ਕਰਕੇ ਚਲੇ ਜਾਣ ਕਾਰਨ ਸੜਕ ਦੀ ਉਪਲਬਧ ਜਗਾ ਹੋਰ ਘੱਟ ਜਾਂਦੀ ਹੈ ਅਤੇ ਟ੍ਰੈਫਿਕ ਬੁਰੀ ਤਰਾਂ ਪ੍ਰਭਾਵਿਤ ਹੁੰਦਾ ਹੈ। ਇਸ ਤੋਂ ਇਲਾਵਾ ਵੱਡੇ ਹੈਵੀ ਟਰੱਕ ਵੀ ਸ਼ਹਿਰ ਦੇ ਵਿਚਕਾਰੋਂ ਲੰਘਦੇ ਹਨ, ਜਿਸ ਕਾਰਨ ਟ੍ਰੈਫਿਕ ਦਾ ਦਬਾਅ ਹੋਰ ਵਧ ਜਾਂਦਾ ਹੈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਨਰਲ ਜਿਲਾ ਸਕੱਤਰ ਜਸਪਾਲ ਸਿੰਘ ਨਿਆਮੀਆਂ ਨੇ ਕਿਹਾ ਕਿ ਖਰੜ ਦੇ ਹਰ ਮੋੜ 'ਤੇ ਜਿਸ ਤਰਾਂ ਦਾ ਟ੍ਰੈਫਿਕ ਬਿਨਾਂ ਕਿਸੇ ਰੋਕ-ਟੋਕ ਦੇ ਚੱਲ ਰਿਹਾ ਹੈ, ਉਸ ਨੂੰ ਦੇਖਦੇ ਹੋਏ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਇਲਾਕਾ ਐਕਸੀਡੈਂਟ ਪ੍ਰੋਨ ਬਣ ਗਿਆ ਹੈ। ਜਸਪਾਲ ਸਿੰਘ ਨਿਆਮੀਆਂ ਨੇ ਐੱਸਐੱਸਪੀ ਟ੍ਰੈਫਿਕ ਸਾਹਿਬ ਤੋਂ ਪੁਰਜੋਰ ਬੇਨਤੀ ਕੀਤੀ ਕਿ ਖਰੜ ਸ਼ਹਿਰ ਦੇ ਅੰਦਰ ਜਲਦ ਤੋਂ ਜਲਦ ਟ੍ਰੈਫਿਕ ਫੋਰਸ ਵਧਾਈ ਜਾਵੇ ਅਤੇ ਹਰ ਮੁੱਖ ਮੋੜ 'ਤੇ ਟ੍ਰੈਫਿਕ ਕੰਟਰੋਲ ਕਰਨ ਲਈ ਘੱਟੋ-ਘੱਟ ਇੱਕ ਟ੍ਰੈਫਿਕ ਮਾਰਸਲ/ਕਰਮਚਾਰੀ ਦੀ ਤਾਇਨਾਤੀ ਯਕੀਨੀ ਬਣਾਈ ਜਾਵੇ, ਤਾਂ ਜੋ ਕਿਸਾਨਾਂ ਅਤੇ ਆਮ ਲੋਕਾਂ ਦੀ ਆਵਾਜਾਈ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਹੋ ਸਕੇ। ਰਿਟੇਲ ਕਰਿਆਨਾ ਮਰਚੈਂਟ ਐਸੋਸੀਏਸਨ ਅਤੇ ਪੂਰਨ ਵਪਾਰ ਮੰਡਲ ਵੱਲੋਂ ਪ੍ਰਸਾਸਨ ਤੋਂ ਮੰਗ ਕੀਤੀ ਗਈ ਹੈ ਕਿ ਸ਼ਹਿਰ ਦੇ ਹਰ ਮੁੱਖ ਚੌਕ 'ਤੇ ਘੱਟੋ-ਘੱਟ ਇੱਕ ਟ੍ਰੈਫਿਕ ਪੁਲਿਸ ਕਰਮਚਾਰੀ ਤਾਇਨਾਤ ਕੀਤਾ ਜਾਵੇ ਅਤੇ ਗੈਰ-ਵਿਵਸਥਿਤ ਪਾਰਕਿੰਗ ਅਤੇ ਸ਼ਹਿਰ ਵਿੱਚੋਂ ਲੰਘ ਰਹੇ ਭਾਰੀ ਵਾਹਨਾਂ 'ਤੇ ਵੀ ਪ੍ਰਭਾਵਸਾਲੀ ਨਿਯੰਤਰਣ ਕੀਤਾ ਜਾਵੇ। ਕਈ ਵਾਰ ਟ੍ਰੈਫਿਕ ਜਾਮ ਦੀ ਸਥਿਤੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਬੱਸ ਸਟੈਂਡ ਤੋਂ ਅਨਾਜ ਮੰਡੀ ਤੱਕ ਪਹੁੰਚਣ ਵਿੱਚ ਲਗਭਗ 45 ਮਿੰਟ ਤੱਕ ਲੱਗ ਜਾਂਦੇ ਹਨ। ਵਪਾਰਕ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਇਸ ਸਬੰਧੀ ਐੱਸ ਐੱਸ ਪੀ ਟ੍ਰੈਫਿਕ, ਐੱਸ ਪੀ ਟ੍ਰੈਫਿਕ ਅਤੇ ਸਬੰਧਤ ਪ੍ਰਸਾਸਨਿਕ ਅਧਿਕਾਰੀਆਂ ਨੂੰ ਲਿਖਤੀ ਪੱਤਰ ਭੇਜ ਕੇ ਸਮੱਸਿਆ ਦੇ ਤੁਰੰਤ ਅਤੇ ਸਥਾਈ ਹੱਲ ਦੀ ਮੰਗ ਕੀਤੀ ਜਾਵੇਗੀ। ਰਿਟੇਲ ਕਰਿਆਨਾ ਮਰਚੈਂਟ ਐਸੋਸੀਏਸਨ ਵੱਲੋਂ ਜਾਣਕਾਰੀ ਦਿੰਦਿਆਂ ਸਕੱਤਰ ਅਮਨਦੀਪ ਗਰਗ ਨੇ ਕਿਹਾ ਕਿ ਖਰੜ ਸ਼ਹਿਰ ਵਿੱਚ ਵੱਧ ਰਹੀ ਟਰੈਫਿਕ ਸਮੱਸਿਆ ਦਾ ਸਿੱਧਾ ਪ੍ਰਭਾਵ ਸ਼ਹਿਰ ਦੇ ਵਪਾਰ, ਕਿਸਾਨਾਂ ਅਤੇ ਆਮ ਲੋਕਾਂ 'ਤੇ ਪੈ ਰਿਹਾ ਹੈ।

ਪੀਆਈਬੀ ਵੱਲੋਂ 'ਵਾਰਤਾ' ਦੇ ਜ਼ਰੀਏ ਨਸ਼ਾ ਮੁਕਤ ਭਾਰਤ, ਠੋਸ ਕਚਰਾ ਪ੍ਰਬੰਧਨ ਤੇ ਪੋਸ਼ਣ ਅਭਿਆਨ 'ਤੇ ਜਨਸੰਪਰਕ ਨੂੰ ਮਜ਼ਬੂਤ ਕਰਨ ਲਈ ਮੀਡੀਆ ਤੇ ਮਾਹਰਾਂ ਵਿਚਕਾਰ ਮੰਚ ਸਾਂਝਾ ਕੀਤਾ

ਪੰਚਕੂਲਾ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ): ਪ੍ਰੈਸ ਸੂਚਨਾ ਬਿਊਰੋ, ਚੰਡੀਗੜ੍ਹ ਨੇ ਅੱਜ ਪੰਚਕੂਲਾ ਵਿੱਚ ਸਰਕਾਰ ਅਤੇ ਮੀਡੀਆ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨ ਅਤੇ ਪ੍ਰਮੁੱਖ ਜਨ ਕਲਿਆਣਕਾਰੀ ਪਹਿਲਕਦਮੀਆਂ ਬਾਰੇ ਵਧੇਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ 'ਵਾਰਤਾ' - ਇੱਕ ਮੀਡੀਆ ਵਰਕਸ਼ਾਪ ਦਾ ਆਯੋਜਨ ਕੀਤਾ। ਸ਼੍ਰੀਮਤੀ ਮੰਨਤ ਰਾਣਾ, ਐੱਸ.ਡੀ.ਐੱਮ., ਪੰਚਕੂਲਾ, ਮੁੱਖ ਮਹਿਮਾਨ ਵਜੋਂ ਇਸ ਅਵਸਰ 'ਤੇ ਮੌਜੂਦ ਸਨ ਸ਼੍ਰੀਮਤੀ ਸਪਨਾ, ਉਪ ਨਿਦੇਸ਼ਕ, ਪੱਤਰ ਸੂਚਨਾ ਬਿਊਰੋ, ਚੰਡੀਗੜ੍ਹ ਨੇ ਮੀਡੀਆ ਵਰਕਸ਼ਾਪ ਦੀ ਪ੍ਰਧਾਨਗੀ ਕੀਤੀ। 'ਵਾਰਤਾ' ਦੇ ਵੱਖ-ਵੱਖ ਸੈਸ਼ਨਾਂ ਦੌਰਾਨ ਸ਼੍ਰੀ ਹਰਵਿੰਦਰ ਸਿੰਘ, ਡਿਪਟੀ ਸੁਪਰਡੈਂਟ ਆਫ਼ ਪੁਲਿਸ, ਹਰਿਆਣਾ ਰਾਜ ਨਾਰਕੋਟਿਕਸ ਕੰਟਰੋਲ ਬਿਊਰੋ ਸ਼੍ਰੀ ਪ੍ਰਦੀਪ ਕੁਮਾਰ, ਠੋਸ ਕਚਰਾ ਪ੍ਰਬੰਧਨ ਮਾਹਰ / ਸੀ.ਟੀ.ਐੱਲ., ਨਗ

ਸੰਪਾਦਕੀ

ਘਾਟੇ ਤੋਂ ਸਿੱਖੋ

ਜਦੋਂ ਤੱਕ ਸਭ ਕੁਝ ਸਾਨੂੰ ਮਨ ਮੁਤਾਬਿਕ ਮਿਲਦਾ ਰਹਿੰਦਾ ਹੈ, ਉਦੋਂ ਤੱਕ ਸਾਨੂੰ ਇਹ ਨਹੀਂ ਪਤਾ ਲੱਗਦਾ ਕਿ ਅਸਲ ਇੱਛਾ ਕੀ ਹੋਣੀ ਚਾਹੀਦੀ ਹੈ? ਪਰ ਜਦੋਂ ਜੀਵਨ ਕਿਸੇ ਪਿਆਰੀ ਚੀਜ਼ ਨੂੰ ਰੋਕ ਲੈਂਦਾ ਹੈ, ਉਦੋਂ ਲੁਕੀਆਂ ਹੋਈਆਂ ਸਾਡੀਆਂ ਸਮਰੱਥਾਵਾਂ ਸਾਹਮਣੇ ਆਉਂਦੀਆਂ ਹਨ। ਉਦੋਂ ਇਕ ਦਿਨ ਮਨ ਦੇ ਅੰਦਰ ਇਕ ਡੂੰਘੀ ਸਮਝ ਬੈਠ ਜਾਂਦੀ ਹੈ ਜੋ ਸਮਝਾਉਂਦੀ ਹੈ ਕਿ ਪਰਮਾਤਮਾ ਨੇ ਸਾਡੀ ਇੱਛਾ ਪੂਰੀ ਨਾ ਕਰਕੇ ਸਾਨੂੰ ਵਾਂਝੇ ਨਹੀਂ ਕੀਤਾ ਸੀ ਹਾਸਿਲ ਚੀਜ਼ਾਂ ਹੀ ਜ਼ਿੰਦਗੀ ਦੇ ਲੇਖੇ ਨੂੰ ਸਫ਼ਲ ਐਲਾਨਦੀਆਂ ਹਨ। ਕੀ ਮਿਲਿਆ, ਕਿੰਨਾ ਮਿਲਿਆ ਤੇ ਕਦੋਂ ਮਿਲਿਆ, ਇਨ੍ਹਾਂ ਸਵਾਲਾਂ ਦੇ ਜਵਾਬਾਂ ਤੋਂ ਮਨੁੱਖ ਆਪਣੇ ਜੀਵਨ ਦਾ ਮੁੱਲ ਤੈਅ ਕਰਦਾ ਹੈ। ਜੋ ਨਹੀਂ ਮਿਲਿਆ, ਉਹ ਇਸ ਲੇਖੇ ਵਿਚ ਇਕ ਖਾਲੀ ਸਥਾਨ ਹੁੰਦਾ ਹੈ। ਸੰਭਵ ਹੈ ਕਿ ਜੀਵਨ ਦੀ ਸਭ ਤੋਂ ਡੂੰਘੀ ਸਿੱਖਿਆ ਉਨ੍ਹਾਂ ਹੀ ਖਾਲੀ ਥਾਵਾਂ ਵਿਚ ਲਿਖੀ ਗਈ ਹੈ । ਕਦੇ ਵੀ ਨਹੀਂ ਹਰ ਘਾਟਾ ਗੈਰਹਾਜ਼ਰੀ ਨਹੀਂ ਹੁੰਦਾ। ਕੁਝ ਘਾਟੇ ਸਾਡੇ ਅੰਦਰ ਅਜਿਹੀਆਂ ਖਾਲੀ ਥਾਵਾਂ ਬਣਾਉਂਦੇ ਹਨ, ਜਿਸ ਨੂੰ ਕੋਈ ਉਪਲਬਧੀ ਨਹੀਂ ਭਰਦੀ ਪਰ ਉਸ ਦਰਾਰ ਵਿਚ ਇਕ ਨਵੀਨ ਨਜ਼ਰੀਆ ਜਨਮ ਲੈਂਦਾ ਹੈ। ਜੋ ਸਾਨੂੰ ਨਹੀਂ ਮਿਲਿਆ, ਉਸ ਨੇ ਸਾਨੂੰ ਉਡੀਕ ਦਿੱਤੀ, ਸਿਖਾਇਆ ਕਿ ਹਰ ਇੱਛਾ ਪੂਰਤੀ ਦਾ ਆਪਣਾ ਸਮਾਂ ਹੁੰਦਾ ਹੈ ਤੇ ਹਰ ਦੇਰੀ ਨਾਇਨਸਾਫ਼ੀ ਨਹੀਂ ਹੁੰਦੀ। ਕੁਝ ਉਪਲਬਧੀਆਂ ਦੇਰ ਨਾਲ ਇਸ ਲਈ ਆਉਂਦੀਆਂ ਹਨ ਕਿ ਉਨ੍ਹਾਂ ਦੇ ਆਉਣ ਤੱਕ ਸਾਨੂੰ ਸੰਭਾਲਣ ਯੋਗ ਸਮਾਂ ਮਿਲਦਾ ਹੈ ਅਤੇ ਕੁਝ ਇਸ ਲਈ ਨਹੀਂ ਆਉਂਦੀਆਂ ਕਿ ਉਨ੍ਹਾਂ ਦਾ ਆਉਣਾ ਹੀ ਸਾਡੇ ਜੀਵਨ ਦਾ ਇਕ ਜ਼ਰੂਰੀ ਮੋੜ ਸੀ। ਜੋ ਮਾਨਤਾ ਨਹੀਂ ਮਿਲੀ, ਉਸ ਨੇ ਇਹ ਸਵਾਲ ਚੁੱਕਿਆ ਕਿ ਆਪਣੀ ਸ਼ਖ਼ਸੀਅਤ ਦੀ ਪੁਸ਼ਟੀ ਲਈ ਹਮੇਸ਼ਾ ਕਿਸੇ ਦੂਸਰੇ ਦੀ ਨਜ਼ਰ ਦੀ ਲੋੜ ਹੈ। ਜੋ ਮੌਕਾ ਹੱਥੋਂ ਨਿਕਲ ਗਿਆ, ਉਸ ਨੇ ਸਿਖਾਇਆਕਿ ਜੀਵਨ ਸਿਰਫ਼ ਖੁੱਲ੍ਹੇ ਦਰਵਾਜਿਆਂ ਦਾ ਨਾਂ ਨਹੀਂ, ਬੰਦ ਦਰਵਾਜ਼ੇ ਵੀ ਸਾਡਾ ਮਾਰਗ ਬਦਲਣ ਦੀ ਸਮਰੱਥਾ ਰੱਖਦੇ ਹਨ। ਜਦੋਂ ਤੱਕ ਸਭ ਕੁਝ ਸਾਨੂੰ ਮਨ ਮੁਤਾਬਿਕ ਮਿਲਦਾ ਰਹਿੰਦਾ ਹੈ, ਉਦੋਂ ਤੱਕ ਸਾਨੂੰ ਇਹ ਨਹੀਂ ਪਤਾ ਲੱਗਦਾ ਕਿ ਅਸਲ ਇੱਛਾ ਕੀ ਹੋਣੀ ਚਾਹੀਦੀ ਹੈ ਪਰ ਜਦੋਂ ਜੀਵਨ ਕਿਸੇ ਪਿਆਰੀ ਚੀਜ਼ ਨੂੰ ਰੋਕ ਲੈਂਦਾ ਹੈ, ਉਦੋਂ ਲੁਕੀਆਂ ਹੋਈਆਂ ਸਾਡੀਆਂ ਸਮਰੱਥਾਵਾਂ ਸਾਹਮਣੇ ਆਉਂਦੀਆਂ ਹਨ। ਉਦੋਂ ਇਕ ਦਿਨ ਮਨ ਦੇ ਅੰਦਰ ਇਕ ਡੂੰਘੀ ਸਮਝ ਬੈਠ ਜਾਂਦੀ ਹੈ ਜੋ ਸਮਝਾਉਂਦੀ ਹੈ ਕਿ ਪਰਮਾਤਮਾ ਨੇ ਸਾਡੀ ਇੱਛਾ ਪੂਰੀ ਨਾ ਕਰਕੇ ਸਾਨੂੰ ਵਾਂਝੇ ਨਹੀਂ ਕੀਤਾ ਸੀ। ਕੁਝ ਇੱਛਾਵਾਂ ਨਾਲ ਸਾਡੀ ਪਛਾਣ ਇੰਨੀ ਡੂੰਘੀ ਹੋ ਗਈ ਸੀ ਕਿ ਉਨ੍ਹਾਂ ਦੇ ਪੂਰਾ ਹੋ ਜਾਣ 'ਤੇ ਅਸੀਂ ਖ਼ੁਦ ਨੂੰ ਉਨ੍ਹਾਂ ਤੋਂ ਵੱਖ ਦੇਖ ਹੀ ਨਹੀਂ ਪਾਉਂਦੇ। ਇਸ ਲਈ ਜੀਵਨ ਕਦੇ ਕਦੇ ਸਾਡੇ ਹੱਥ ਖਾਲੀ ਕਰਵਾਉਂਦਾ ਹੈ। ਖਾਲੀ ਹੱਥ ਹੀ ਭਾਰ ਮੁਕਤ ਹੋ ਕੇ ਆਕਾਸ਼ ਨੂੰ ਛੂਹਣ ਯੋਗ ਹੁੰਦੇ ਹਨ। ਕਦੇ-ਕਦੇ ਜਿਸ ਨੂੰ ਅਸੀਂ ਜੀਵਨ ਵਿਚ ਘਾਟੇ ਕਹਿੰਦੇ ਹਾਂ, ਉਹੀ ਚੁੱਪਚਾਪ ਸਾਡੀ ਸਭ ਤੋਂ ਵੱਡੀ ਪ੍ਰਾਪਤੀ ਦਾ ਮਾਰਗ ਬਣਾ ਰਹੇ ਹੁੰਦੇ ਹਨ।

ਸਰਕਾਰੀ ਸਕੂਲ: ਮੇਰੀ ਸ਼ਾਨ

ਸਰਕਾਰੀ ਸਕੂਲ ਮੇਰੀ ਸ਼ਾਨ ਹੀ ਨਹੀਂ, ਸਗੋਂ ਮੇਰੀ ਪਹਿਚਾਣ ਹੈ। ਮੈਨੂੰ ਮਾਣ ਹੈ ਕਿ ਮੈਂ ਸਰਕਾਰੀ ਪ੍ਰਾਇਮਰੀ ਸਕੂਲ ਛਾਹੜ, ਬਲਾਕ ਸੁਨਾਮ -1, ਜ਼ਿਲ੍ਹਾ ਸੰਗਰੂਰ ਵਿੱਚ ਈ.ਟੀ.ਟੀ. ਅਧਿਆਪਕਾ ਵਜੋਂ ਸੇਵਾ ਨਿਭਾ ਰਹੀ ਹਾਂ। ਅੱਜ ਸਾਡੇ ਸਰਕਾਰੀ ਸਕੂਲਾਂ ਦੀ ਤਸਵੀਰ ਬਦਲ ਚੁੱਕੀ ਹੈ। ਸਾਡੇ ਸਕੂਲ ਵਿੱਚ ਬੱਚਿਆਂ ਲਈ ਹਰ ਆਧੁਨਿਕ ਸਹੂਲਤ ਮੌਜੂਦ ਹੈ। ਸਾ ?ਫ਼-ਸੁਥਰੇ ਅਤੇ ਰੰਗ-ਬਿਰੰਗੇ ਕਮਰੇ, ਸਮਾਰਟ ਕਲਾਸਰੂਮ, ਗਿਆਨ- ਭਰਪੂਰ ਲਾਇਬ੍ਰੇਰੀ, ਖੇਡ ਦੇ ਮੈਦਾਨ, ਸਾਫ਼ ਪੀਣ ਵਾਲਾ ਪਾਣੀ ਅਤੇ ਬਾਲ-ਅਨੁਕੂਲ ਮਾਹੌਲ ਹੈ। ਸਰਕਾਰ ਵੱਲੋਂ ਬੱਚਿਆਂ ਨੂੰ ਪੀ. ਐੱਮ . ਪੋਸ਼ਣ ਅਧੀਨ ਦੁਪਹਿਰ ਦਾ ਭੋਜਨ, ਮੁਫ਼ਤ ਕਿਤਾਬਾਂ, ਵਰਦੀਆਂ ਅਤੇ ਵਜ਼ੀਫੇ ਦਿੱਤੇ ਜਾਂਦੇ ਹਨ। ਅਸੀਂ ਨਿਪੁੰਨ ਭਾਰਤ ਮਿਸ਼ਨ ਤਹਿਤ ਬੱਚਿਆਂ ਨੂੰ ਖੇਡ-ਖੇਡ ਵਿੱਚ ਪੰਜਾਬੀ, ਅੰਗਰੇਜ਼ੀ ਅਤੇ ਗਣਿਤ ਦੀ ਬੁਨਿਆਦੀ ਸ਼ਾਖਰਤਾ ਸਿਖਾਉਂਦੇ ਹਾਂ। ਸਾਡਾ ਜ਼ੋਰ ਰੱਟਾ ਲਗਵਾਉਣ ਤੇ ਨਹੀਂ, ਸਗੋਂ ਸਮਝ ਕੇ ਸਿੱਖਣ ਤੇ ਆਧਾਰਿਤ ਹੁੰਦਾ ਹੈ। ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਯੋਗਾ, ਧਿਆਨ, ਸਕਾਊਟ ਦੀਆਂ ਗਤੀਵਿਧੀਆਂ, ਨੈਤਿਕ ਕਹਾਣੀਆਂ ਅਤੇ ਦੇਸ਼ ਭਗਤੀ ਦੇ ਗੀਤ ਕਰਵਾਏ ਜਾਂਦੇ ਹਨ, ਜਿਸ ਨਾਲ ਬੱਚਿਆਂ ਵਿੱਚ ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ। ਸਾਡੇ ਸਕੂਲ ਦਾ ਮਾਹੌਲ ਇੱਕ ਪਰਿਵਾਰ ਵਾਂਗ ਹੈ। ਅਸੀਂ ਹਰ ਬੱਚੇ ਵੱਲ ਵਿਅਕਤੀਗਤ ਧਿਆਨ ਦਿੰਦੇ ਹਾਂ। ਕਮਜ਼ੋਰ ਬੱਚਿਆਂ ਲਈ ਵਾਧੂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਮੇਂ-ਸਮੇਂ ਤੇ ਮਾਪੇ-ਅਧਿਆਪਕ ਮਿਲਣੀਆਂ ਅਤੇ ਮਾਵਾਂ ਦੀਆਂ ਵਰਕਸ਼ਾਪਾਂ ਕਰਵਾ ਕੇ ਸਮਾਜ ਨੂੰ ਸਕੂਲ ਨਾਲ ਜੋੜਿਆ ਜਾਂਦਾ ਹੈ। ਅੱਜ ਮੇਰੇ ਸਕੂਲ ਦੇ ਬੱਚੇ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਭਾਸ਼ਣ, ਕਵਿਤਾ, ਖੇਡਾਂ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਇਨਾਮ ਜਿੱਤ ਰਹੇ ਹਨ। ਇਹ ਦੇਖ ਕੇ ਦਿਲ ਨੂੰ ਬਹੁਤ ਸਕੂਨ ਮਿਲਦਾ ਹੈ। ਇਹ ਸਭ ਸਾਡੀ ਟੀਮ ਦੀ ਮਿਹਨਤ ਅਤੇ ਸਰਕਾਰੀ ਸਿੱਖਿਆ ਪ੍ਰਣਾਲੀ ਦੀ ਜਿੱਤ ਹੈ। ਮੈਨੂੰ ਆਪਣੇ ਸਰਕਾਰੀ ਸਕੂਲ ਤੇ ਹਮੇਸ਼ਾ ਮਾਣ ਰਹੇਗਾ।



ਵੀਰਪਾਲ ਕੌਰ (ਈ.ਟੀ.ਟੀ. ਅਧਿਆਪਕਾ)
ਸਰਕਾਰੀ ਪ੍ਰਾਇਮਰੀ ਸਕੂਲ ਛਾਹੜ,
ਬਲਾਕ ਸੁਨਾਮ-1 (ਸੰਗਰੂਰ)

ਮਸਜਿਦ ਤੇ ਮਦਰੱਸਾ: ਭਾਈਚਾਰੇ 'ਚ ਇੱਕ ਬਿਹਤਰ ਵਿਦਿਅਕ ਲਹਿਰ ਦੀ ਸਿਰਜਣਾ

ਸਿੱਖਿਆ ਹਮੇਸ਼ਾ ਹੀ ਭਾਈਚਾਰਕ ਤਬਦੀਲੀ ਦੇ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿੱਚੋਂ ਇੱਕ ਰਹੀ ਹੈ। ਇਹ ਬੱਚੇ ਨੂੰ ਆਤਮ-ਵਿਸ਼ਵਾਸ ਦਿੰਦੀ ਹੈ, ਪਰਿਵਾਰਾਂ ਨੂੰ ਆਰਥਿਕ ਮੌਕੇ ਪ੍ਰਦਾਨ ਕਰਦੀ ਹੈ ਅਤੇ ਸਮਾਜ ਨੂੰ ਦੇਸ਼ ਦੇ ਵਿਕਾਸ ਵਿੱਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈਣ ਦੇ ਯੋਗ ਬਣਾਉਂਦੀ ਹੈ। ਮੁਸਲਿਮ ਭਾਈਚਾਰੇ ਕੋਲ ਇਸ ਵਿਦਿਅਕ ਸਫ਼ਰ ਨੂੰ ਇੱਕ ਕਦਮ ਹੋਰ ਅੱਗੇ ਲਿਜਾਣ ਦਾ ਮੌਕਾ ਹੈ; ਉਹ ਆਪਣੇ ਦੋ ਸਭ ਤੋਂ ਭਰੋਸੇਮੰਦ ਅਦਾਰਿਆਂ—ਮਸਜਿਦ ਅਤੇ ਮਦਰੱਸੇ—ਨੂੰ ਇੱਕ ਆਧੁਨਿਕ ਵਿਦਿਅਕ ਲਹਿਰ ਦੇ ਅਹਿਮ ਕੇਂਦਰਾਂ ਵਜੋਂ ਵਿਕਸਤ ਕਰ ਸਕਦੇ ਹਨ। ਇਸ ਵਿਚਾਰ ਦਾ ਮਤਲਬ ਇਨ੍ਹਾਂ ਅਦਾਰਿਆਂ ਦੇ ਮੂਲ ਧਾਰਮਿਕ ਸਰੂਪ ਨੂੰ ਬਦਲਣਾ ਨਹੀਂ ਹੈ। ਸਗੋਂ, ਇਸਦਾ ਅਰਥ ਸਿੱਖਣ ਦੇ ਵਾਧੂ ਮੌਕੇ ਪੈਦਾ ਕਰਨ ਲਈ ਉਨ੍ਹਾਂ ਦੀ ਮੌਜੂਦਾ ਪਹੁੰਚ, ਭਰੋਸੇ ਅਤੇ ਭਾਈਚਾਰੇ ਵਿੱਚ ਮੌਜੂਦਗੀ ਦੀ ਵਰਤੋਂ ਕਰਨਾ ਹੈ। ਇੱਕ ਮਸਜਿਦ ਇਬਾਦਤ (ਪੂਜਾ) ਦੀ ਥਾਂ ਬਣੀ ਰਹਿ ਸਕਦੀ ਹੈ ਅਤੇ ਨਾਲ ਹੀ ਅਜਿਹਾ ਕੇਂਦਰ ਵੀ ਬਣ ਸਕਦੀ ਹੈ ਜਿੱਥੇ ਬੱਚਿਆਂ ਨੂੰ ਸਿੱਖਿਆ, ਡਿਜੀਟਲ ਸਾਖਰਤਾ, ਕਰੀਅਰ, ਵਜ਼ੀਫ਼ਿਆਂ ਅਤੇ ਜ਼ਿੰਮੇਵਾਰ ਨਾਗਰਿਕਤਾ ਬਾਰੇ ਅਗਵਾਈ ਮਿਲਦੀ ਹੈ। ਇੱਕ ਮਦਰੱਸਾ ਧਾਰਮਿਕ ਸਿੱਖਿਆ ਨੂੰ ਕਾਇਮ ਰੱਖਦੇ ਹੋਏ ਹੌਲੀ-ਹੌਲੀ ਗਣਿਤ, ਵਿਗਿਆਨ, ਭਾਸ਼ਾਵਾਂ, ਕੰਪਿਊਟਰ, ਕਿੱਤਾਮੁਖੀ ਹੁਨਰ ਅਤੇ ਉੱਚ ਸਿੱਖਿਆ ਵੱਲ ਮਜ਼ਬੂਤ ਰਾਹ ਤਿਆਰ ਕਰ ਸਕਦਾ ਹੈ। ਅਜਿਹੀ ਪਹੁੰਚ ਦਾ ਇਸਲਾਮ ਵਿੱਚ ਮਜ਼ਬੂਤ ਆਧਾਰ ਹੈ। ਕੁਰਾਨ ਦੀ ਪਹਿਲੀ ਵਹੀ (ਇਲਾਹੀ ਸੰਦੇਸ਼) ਇਸ ਹੁਕਮ ਨਾਲ ਸ਼ੁਰੂ ਹੋਈ ਸੀ: ਆਪਣੇ ਉਸ ਰੱਬ ਦੇ ਨਾਮ 'ਤੇ ਪੜ੍ਹੋ ਜਿਸਨੇ ਪੈਦਾ ਕੀਤਾ (ਸੂਰਾ ਅਲ-ਅਲਕ 96:1)। ਇਸ ਲਈ, ਪਹਿਲੇ ਸੰਦੇਸ਼ ਨੇ ਸਿੱਖਿਆ ਨੂੰ ਇਸਲਾਮੀ ਬੌਧਿਕ ਪਰੰਪਰਾ ਦੇ ਕੇਂਦਰ ਵਿੱਚ ਰੱਖਿਆ। ਕੁਰਾਨ ਮੰਨਣ ਵਾਲਿਆਂ ਨੂੰ ਇਹ ਦੁਆ ਕਰਨ ਲਈ ਵੀ ਪ੍ਰੇਰਿਤ ਕਰਦਾ ਹੈ: ਹੇ ਮੇਰੇ ਰੱਬ, ਮੇਰੇ ਗਿਆਨ ਵਿੱਚ ਵਾਧਾ ਕਰ (ਸੂਰਾ ਤਾ-ਹਾ 20:114)। ਨਤੀਜੇ ਵਜੋਂ, ਸਿੱਖਿਆ ਨੂੰ ਸਿਰਫ਼ ਰੁਜ਼ਗਾਰ ਪ੍ਰਾਪਤ ਕਰਨ ਦੇ ਸਾਧਨ ਵਜੋਂ ਨਹੀਂ, ਸਗੋਂ ਬੁੱਧੀ ਦੇ ਵਿਕਾਸ ਅਤੇ ਮਨੁੱਖਤਾ ਦੀ ਸੇਵਾ ਕਰਨ ਦੀ ਜੀਵਨ-ਭਰ ਚੱਲਣ ਵਾਲੀ ਪ੍ਰਕਿਰਿਆ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਇਤਿਹਾਸਕ ਤੌਰ 'ਤੇ, ਮਸਜਿਦਾਂ ਨੇ ਮੁਸਲਮਾਨ ਸਮਾਜਾਂ ਦੇ ਬੌਧਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਹ ਸਿਰਫ਼ ਅਜਿਹੀਆਂ ਥਾਵਾਂ ਨਹੀਂ ਸਨ ਜਿੱਥੇ ਲੋਕ ਨਮਾਜ਼ ਲਈ ਇਕੱਠੇ ਹੁੰਦੇ ਸਨ। ਉਹ ਅਜਿਹੇ ਕੇਂਦਰ ਬਣ ਗਏ ਜਿੱਥੇ ਵਿਦਵਾਨ ਸਿੱਖਿਆ ਦਿੰਦੇ ਸਨ, ਵਿਦਿਆਰਥੀ ਪੜ੍ਹਦੇ ਸਨ ਅਤੇ ਗਿਆਨ ਦਾ ਆਦਾਨ-ਪ੍ਰਦਾਨ ਹੁੰਦਾ ਸੀ। ਮਸਜਿਦ ਅਤੇ ਵਿਦਿਅਕ ਅਦਾਰੇ ਅਕਸਰ ਇੱਕ-ਦੂਜੇ ਨਾਲ ਡੂੰਘਾਈ ਨਾਲ ਜੁੜੇ ਹੁੰਦੇ ਸਨ। ਇਹ ਇਤਿਹਾਸਨਿਯਮਤ ਨਮਾਜ਼ ਦੀਆਂ ਗਤੀਵਿਧੀਆਂ ਤੋਂ ਬਾਅਦ ਜਾਂ ਉਹਨਾਂ ਤੋਂ ਇਲਾਵਾ, ਮਸਜਿਦਾਂ ਨਾਲ ਜੁੜੀਆਂ ਢੁਕਵੀਆਂ ਥਾਵਾਂ 'ਤੇ ਵਿਦਿਅਕ ਸਲਾਹ-ਮਸ਼ਵਰੇ ਦੇ ਸੈਸ਼ਨ, ਪੜ੍ਹਨ-ਕਮਰੇ (ਰੀਡਿੰਗ ਰੂਮ), ਡਿਜੀਟਲ-ਸਾਖਰਤਾ ਕਲਾਸਾਂ ਅਤੇ ਕਰੀਅਰ-ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਸਕਦੇ ਹਨ। ਭਾਈਚਾਰੇ ਦੇ ਵਲੰਟੀਅਰ ਅਤੇ ਯੋਗ ਪੇਸ਼ੇਵਰ ਕੰਪਿਊਟਰ, ਅੰਗਰੇਜ਼ੀ ਬੋਲਣ, ਗਣਿਤ, ਵਿਗਿਆਨ, ਵਿੱਤੀ ਸਾਖਰਤਾ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਰਗੇ ਵਿਸ਼ਿਆਂ 'ਤੇ ਸੈਸ਼ਨ ਚਲਾ ਸਕਦੇ ਹਨ। ਨਮਾਜ਼ ਲਈ ਮਸਜਿਦ ਵਿੱਚ ਆਉਣ ਵਾਲਾ ਕੋਈ ਨੌਜਵਾਨ ਵਜ਼ੀਫ਼ਿਆਂ, ਸਰਕਾਰੀ ਹੁਨਰ-ਵਿਕਾਸ ਪ੍ਰੋਗਰਾਮਾਂ ਜਾਂ ਉੱਚ ਸਿੱਖਿਆ ਦੇ ਮੌਕਿਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਮਾਰਗਦਰਸ਼ਨ ਲਈ ਰਵਾਇਤੀ ਤੌਰ 'ਤੇ ਧਾਰਮਿਕ ਸੰਸਥਾਵਾਂ ਨਾਲ ਸੰਪਰਕ ਕਰਨ ਵਾਲੇ ਮਾਪੇ ਬੱਚਿਆਂ ਨੂੰ ਰਸਮੀ ਸਿੱਖਿਆ ਨਾਲ ਜੋੜੀ ਰੱਖਣ ਅਤੇ ਉਨ੍ਹਾਂ ਨੂੰ ਢੁਕਵੇਂ ਅਕਾਦਮਿਕ ਅਤੇ ਕਿੱਤਾਮੁਖੀ ਰਾਹ ਚੁਣਨ ਵਿੱਚ ਮਦਦ ਕਰਨ ਦੇ ਮਹੱਤਵ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਮਦਰੱਸਾ ਵੀ ਬਰਾਬਰ ਦੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਧਾਰਮਿਕ ਸਿੱਖਿਆ ਅਤੇ ਆਧੁਨਿਕ ਸਿੱਖਿਆ ਨੂੰ ਇੱਕ-ਦੂਜੇ ਦੇ ਵਿਰੋਧੀ ਜਾਂ ਵੱਖਰੇ ਮੰਨਣ ਦੀ ਲੋੜ ਨਹੀਂ ਹੈ। ਮਦਰੱਸੇ ਦਾ ਵਿਦਿਆਰਥੀ ਕੁਰਾਨ, ਹਦੀਸ, ਇਸਲਾਮੀ ਇਤਿਹਾਸ ਅਤੇ ਨੈਤਿਕਤਾ ਦਾ ਅਧਿਐਨ ਕਰਦੇ ਹੋਏ ਗਣਿਤ, ਵਿਗਿਆਨ, ਭਾਸ਼ਾਵਾਂ, ਕੰਪਿਊਟਰ ਅਤੇ ਸਮਾਜਿਕ ਵਿਗਿਆਨ ਵਿੱਚ ਵੀ ਮੁਹਾਰਤ ਹਾਸਲ ਕਰ ਸਕਦਾ ਹੈ। ਢੁਕਵੀਂ ਪਾਠਕ੍ਰਮ ਯੋਜਨਾਬੰਦੀ, ਅਧਿਆਪਕ ਸਿਖਲਾਈ ਅਤੇ ਵਿਦਿਅਕ ਭਾਈਵਾਲੀ ਨਾਲ, ਮਦਰੱਸਾ ਸਿੱਖਿਆ ਵਿਦਿਆਰਥੀਆਂ ਨੂੰ ਆਪਣੀ ਧਾਰਮਿਕ ਸਿੱਖਿਆ ਨੂੰ ਕਾਇਮ ਰੱਖਣ ਦੇ ਨਾਲ-ਨਾਲ ਆਧੁਨਿਕ ਆਰਥਿਕਤਾ ਲਈ ਲੋੜੀਂਦੇ ਹੁਨਰ ਹਾਸਲ ਕਰਨ ਵਿੱਚ ਮਦਦ ਕਰ ਸਕਦੀ ਹੈ। ਇਹ ਧਾਰਮਿਕ ਸਿੱਖਿਆ ਦੀ ਥਾਂ 'ਤੇ ਦੁਨਿਆਵੀ (ਸੈਕੂਲਰ) ਸਿੱਖਿਆ ਲਿਆਉਣ ਬਾਰੇ ਨਹੀਂ ਹੈ, ਸਗੋਂ ਮੌਕਿਆਂ ਦਾ ਵਿਸਥਾਰ ਕਰਨ ਬਾਰੇ ਹੈ। ਕੁਰਾਨ ਪੁੱਛਦਾ ਹੈ, ਕੀ ਉਹ ਲੋਕ ਜੋ ਜਾਣਦੇ ਹਨ, ਉਨ੍ਹਾਂ ਲੋਕਾਂ ਦੇ ਬਰਾਬਰ ਹਨ ਜੋ ਨਹੀਂ ਜਾਣਦੇ (ਸੂਰਾ ਅਜ਼-ਜ਼ੁਮਰ 39:9)। ਇਸਲਾਮੀ ਦ੍ਰਿਸ਼ਟੀਕੋਣ ਤੋਂ, ਗਿਆਨ ਇੱਕ ਜ਼ਿੰਮੇਵਾਰੀ ਵੀ ਲੈ ਕੇ ਆਉਂਦਾ ਹੈ। ਇਸ ਨਾਲ ਵਿਅਕਤੀ ਨੂੰ ਦੁਨੀਆ ਨੂੰ ਸਮਝਣ, ਸੱਚ ਅਤੇ ਝੂਠ ਵਿੱਚ ਫਰਕ ਕਰਨ ਅਤੇ ਦੂਜਿਆਂ ਦੀ ਭਲਾਈ ਵਿੱਚ ਯੋਗਦਾਨ ਪਾਉਣ ਦੇ ਯੋਗ ਬਣਨਾ ਚਾਹੀਦਾ ਹੈ। ਪੈਗੰਬਰ ਮੁਹੰਮਦ ਨੇ ਵੀ ਗਿਆਨ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। 'ਸਹੀਹ ਮੁਸਲਿਮ' ਵਿੱਚ ਦਰਜ ਹੈ ਕਿ ਜੋ ਕੋਈ ਵੀ ਗਿਆਨ ਦੀ ਭਾਲ ਵਿੱਚ ਕਿਸੇ ਰਾਹ 'ਤੇ ਚੱਲਦਾ ਹੈ, ਅੱਲ੍ਹਾ ਉਸ ਵਿਅਕਤੀ ਲਈ ਜੰਨਤ ਦਾ ਰਾਹ ਆਸਾਨ ਬਣਾ ਦਿੰਦਾ ਹੈ (ਸਹੀਹ ਮੁਸਲਿਮ 2699)। ਇਹ ਭਾਈਚਾਰਕ ਸੰਸਥਾਵਾਂ ਦੇ ਅੰਦਰ ਵਿਦਿਅਕ ਮੌਕੇ ਪੈਦਾ ਕਰਨ ਲਈ ਇੱਕ ਮਜ਼ਬੂਤ ਨੈਤਿਕ ਆਧਾਰ ਪ੍ਰਦਾਨ ਕਰਦਾ ਇਹ ਭਾਈਚਾਰੇ ਅਤੇ ਵਿਆਪਕ ਸਿੱਖਿਆ ਪ੍ਰਣਾਲੀ ਵਿਚਕਾਰ ਦੂਰੀ ਘਟਾਉਣ ਵਿੱਚ ਵੀ ਮਦਦ ਕਰ ਸਕਦਾ ਹੈ। ਕਰੀਅਰ ਕਾਊਂਸਲਿੰਗ ਕੈਂਪ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ, ਪੇਸ਼ੇਵਰ ਕੋਰਸਾਂ, ਵਜ਼ੀਫ਼ਿਆਂ ਅਤੇ ਸਰਕਾਰੀ... ਬਾਰੇ ਜਾਣੂ ਕਰਵਾ ਸਕਦੇ ਹਨ।ਪ੍ਰੀਖਿਆਵਾਂ ਅਤੇ ਕਿੱਤਾਮੁਖੀ ਮੌਕਿਆਂ ਬਾਰੇ ਵੀ ਮਾਰਗਦਰਸ਼ਨ ਦਿੱਤਾ ਜਾ ਸਕਦਾ ਹੈ। ਸਾਬਕਾ ਵਿਦਿਆਰਥੀਆਂ ਦੇ ਨੈੱਟਵਰਕ ਸਫਲ ਡਾਕਟਰਾਂ, ਇੰਜੀਨੀਅਰਾਂ, ਅਧਿਆਪਕਾਂ, ਉੱਦਮੀਆਂ, ਸਿਵਲ ਸੇਵਕਾਂ ਅਤੇ ਹੋਰ ਪੇਸ਼ੇਵਰਾਂ ਨੂੰ ਉਨ੍ਹਾਂ ਵਿਦਿਆਰਥੀਆਂ ਨਾਲ ਜੋੜ ਸਕਦੇ ਹਨ, ਜੋ ਮਾਰਗਦਰਸ਼ਨ ਦੀ ਭਾਲ ਕਰ ਰਹੇ ਹਨ। ਔਰਤਾਂ ਅਤੇ ਲੜਕੀਆਂ ਨੂੰ ਵੀ ਇਸ ਸਿੱਖਿਆ ਅੰਦੋਲਨ ਦਾ ਅਟੁੱਟ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਢੁਕਵੇਂ ਅਤੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਪ੍ਰਬੰਧਾਂ ਰਾਹੀਂ ਲੜਕੀਆਂ ਅਤੇ ਔਰਤਾਂ ਨੂੰ ਡਿਜ਼ੀਟਲ ਸਾਖਰਤਾ, ਕਿੱਤਾਮੁਖੀ ਸਿੱਖਿਆ, ਭਾਸ਼

ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਤੇ ਨਾਇਬ ਤਹਿਸੀਲਦਾਰ ਰਮਨਦੀਪ ਕੌਰ ਨੇ ਲੋਕਾਂ ਨਾਲ ਕੀਤੀ ਮੁਲਾਕਾਤ

ਕਾਦੀਆਂ 23 ਸਤੰਬਰ (ਅਸ਼ੋਕ ,ਕਾਹਲੋਂ) ਸਬ -ਤਹਿਸੀਲ ਕਾਹਨੂੰਵਾਨ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਜਾਇਜ਼ ਮਾਮਲਿਆਂ ਦਾ ਨਿਯਮਾਂ ਅਨੁਸਾਰ ਨਿਪਟਾਰਾ ਕਰਵਾਉਣ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਅਤੇ ਨਾਇਬ ਤਹਿਸੀਲਦਾਰ ਰਮਨਦੀਪ ਕੌਰ ਵੱਲੋਂ ਲੋਕਾਂ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਵੱਖ-ਵੱਖ ਪਿੰਡਾਂ ਤੋਂ ਆਪਣੇ ਕੰਮਾਂ ਅਤੇ ਸਮੱਸਿਆਵਾਂ ਨੂੰ ਲੈ ਕੇ ਪਹੁੰਚੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਸਬੰਧਿਤ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਗਿਆ। ਲੋਕਾਂ ਨੇ ਇਸ ਮੌਕੇ ਆਪਣੇ ਵੱਖ-ਵੱਖ ਸਰਕਾਰੀ ਕੰਮਾਂ ਸਬੰਧੀ ਮੁਸ਼ਕਿਲਾਂ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਅਤੇ ਨਾਇਬ ਤਹਿਸੀਲਦਾਰ ਰਮਨਦੀਪ ਕੌਰ ਦੇ ਧਿਆਨ ਵਿੱਚ ਲਿਆਂਦੀਆਂ । ਲੋਕਾਂ ਵੱਲੋਂ ਆਪਣੇ ਮਾਮਲਿਆਂ ਸਬੰਧੀ ਦਸਤਾਵੇਜ਼ ਅਤੇ ਹੋਰ ਜਾਣਕਾਰੀ ਵੀ ਪੇਸ਼ ਕੀਤੀ ਗਈ। ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਉਪਰੰਤ ਮੌਕੇ 'ਤੇ ਮੌਜੂਦ ਸਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਕੇ ਨਿਯਮਾਂ ਅਨੁਸਾਰ ਜਲਦ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣਨਾ ਅਤੇ ਉਨ੍ਹਾਂ ਦੇ ਜਾਇਜ਼ ਕੰਮਾਂ ਦਾ ਸਮੇਂ ਸਿਰ ਹੱਲ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਵਿਅਕਤੀ ਆਪਣੀ ਸਮੱਸਿਆ ਲੈ ਕੇ ਸਰਕਾਰੀ ਦਫ਼ਤਰ ਪਹੁੰਚਦਾ ਹੈ ਤਾਂ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਉਸ ਦਾ ਮਾਮਲਾ ਨਿਯਮਾਂ ਅਨੁਸਾਰ ਹੱਲ ਹੋ ਸਕਦਾ ਹੈ ਤਾਂ ਉਸ ਨੂੰ ਬੇਲੋੜਾ ਲੰਬਿਤ ਨਹੀਂ ਰੱਖਿਆ ਜਾਣਾ ਚਾਹੀਦਾ। ਨਾਇਬ ਤਹਿਸੀਲਦਾਰ ਰਮਨਦੀਪ ਕੌਰ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਕਿ ਲੋਕਾਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਮਾਮਲਿਆਂ ਨੂੰ ਗੰਭੀਰਤਾ ਨਾਲ ਲਿਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਮਾਮਲੇ ਨਿਯਮਾਂ ਅਨੁਸਾਰ ਹੱਲ ਕੀਤੇ ਜਾ ਸਕਦੇ ਹਨ, ਸਮੇਂ ਸਿਰ ਮੁਕੰਮਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਆਮ ਲੋਕ ਆਪਣੇ ਰੋਜ਼ਾਨਾ ਦੇ ਕੰਮਾਂ ਲਈ ਸਰਕਾਰੀ ਦਫ਼ਤਰਾਂ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਵਾਰ-ਵਾਰ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ, ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਲੋਕਾਂ ਵੱਲੋਂ ਪੇਸ਼ ਕੀਤੇ ਗਏ ਹਰੇਕ ਮਾਮਲੇ ਨੂੰ ਉਸ ਦੀ ਪ੍ਰਕਿਰਤੀ ਅਤੇ ਨਿਯਮਾਂ ਅਨੁਸਾਰ ਦੇਖਦਿਆਂ ਬਣਦੀ ਕਾਰਵਾਈ ਕਰਨ ਲਈ ਵੀ ਕਿਹਾ ਗਿਆ। ਇਸ ਦੌਰਾਨ ਮਾਹਲ ਨੇ ਸਬੰਧਿਤ ਅਧਿਕਾਰੀਆਂ ਨੂੰ ਲੋਕਾਂ ਵੱਲੋਂ ਪੇਸ਼ ਕੀਤੀਆਂ ਸਮੱਸਿਆਵਾਂ ਦਾ ਜਲਦ ਨਿਪਟਾਰਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਬੰਧਿਤ ਵਿਭਾਗਾਂ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦੇ ਹੱਲ ਲਈ ਲੋੜੀਂਦੀ ਕਾਰਵਾਈ ਕਰਵਾਈ ਜਾਵੇਗੀ। ਲੋਕਾਂ ਨਾਲ ਮੁਲਾਕਾਤ ਦੌਰਾਨ ਕਈ ਮਾਮਲਿਆਂ ਸਬੰਧੀ ਸਬੰਧਿਤ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਹਦਾਇਤਾਂ ਦਿੱਤੀਆਂ ਗਈਆਂ। ਅਧਿਕਾਰੀਆਂ ਨੂੰ ਕਿਹਾ ਗਿਆ ਕਿ ਲੋਕਾਂ ਵੱਲੋਂ ਪੇਸ਼ ਕੀਤੇ ਮਾਮਲਿਆਂ ਦੀ ਤੱਥਾਂ ਅਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਜਾਂਚ ਕੀਤੀ ਜਾਵੇ ਅਤੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਨੂੰ ਜਲਦ ਪੂਰਾ ਕੀਤਾ ਜਾਵੇ।

ਪਿੰਡ ਰਤਨ ਵਿਖੇ ਦਰਖਤ ਕੱਟਣ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ: ਇੰਜ. ਦਲਜੀਤ ਸਿੰਘ ਕੋਹਲੀ

ਅੰਮ੍ਰਿਤਸਰ, 23 ਸਤੰਬਰ (ਰਾਜੇਸ਼ ਡੈਨੀ) ਹਰਿਆਵਲ ਮੰਚ ਦੇ ਪ੍ਰਧਾਨ ਇੰਜ. ਦਲਜੀਤ ਸਿੰਘ ਕੋਹਲੀ ਦੀ ਅਗਵਾਈ ਹੇਠ ਮੰਚ ਦੇ ਇੱਕ ਵਫ਼ਦ ਨੇ ਅੱਜ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਪਿੰਡ ਰਤਨ (ਅਟਾਰੀ) ਵਿਖੇ ਲਗਾਏ ਗਏ ਦਰਖਤਾਂ ਨੂੰ ਕੱਟਣ ਦੀ ਘਟਨਾ ਸਬੰਧੀ ਲਿਖਤੀ ਸ਼ਿਕਾਇਤ ਸੌਂਪੀ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਅਨੁਸ਼ਾਸਨਾਤਮਕ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।ਵਫ਼ਦ ਵਿੱਚ ਸੀਨੀਅਰ ਮੀਤ ਪ੍ਰਧਾਨ ਇੰਜ. ਜਤਿੰਦਰ ਲਖਨਪਾਲ, ਡਾ. ਨਿਰਮਲ ਸਿੰਘ ਆਨੰਦ, ਡਾ. ਕੰਵਲਜੀਤ ਕੌਰ, ਕਿਰਪਾਲ ਸਿੰਘ ਬੱਬਰ, ਅਵਤਾਰ ਸਿੰਘ ਬੁੱਟਰ ਅਤੇ ਹੋਰ ਮੈਂਬਰ ਸ਼ਾਮਲ ਸਨ।ਮੰਚ ਵੱਲੋਂ ਡਿਪਟੀ ਕਮਿਸ਼ਨਰ ਨੂੰ ਦੱਸਿਆ ਗਿਆ ਕਿ ਡਾ. ਕੰਵਲਜੀਤ ਕੌਰ ਨੇ ਆਪਣੇ ਸਵਰਗੀ ਪਿਤਾ ਜੀ ਦੀ ਯਾਦ ਵਿੱਚ ਸਾਲ 2016-17 ਦੌਰਾਨ ਪਿੰਡ ਰਤਨ ਦੇ ਸ਼ਮਸ਼ਾਨ ਘਾਟ ਵਿਖੇ ਵੱਡੀ ਗਿਣਤੀ ਵਿੱਚ ਰੁੱਖ ਲਗਵਾਏ ਸਨ। ਇਨ੍ਹਾਂ ਵਿੱਚੋਂ ਲਗਭਗ 10 ਤੋਂ 12 ਦਰਖਤ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਜੜ੍ਹਾਂ ਤੋਂ ਕੱਟ ਦਿੱਤੇ ਗਏ, ਜਿਸ ਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਸਮਾਜਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚੀ ਹੈ। ਰੁੱਖਾਂ ਨੂੰ ਜਾਣਬੁੱਝ ਕੇ ਨੁਕਸਾਨ ਪਹੁੰਚਾਉਣਾ ਕੇਵਲ ਵਾਤਾਵਰਣ ਵਿਰੋਧੀ ਕਿਰਿਆ ਨਹੀਂ, ਸਗੋਂ ਸਮਾਜ ਪ੍ਰਤੀ ਇੱਕ ਗੰਭੀਰ ਅਪਰਾਧ ਹੈ। ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਵਿਅਕਤੀ ਦਰਖਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਹਿੰਮਤ ਨਾ ਕਰੇ।ਡਿਪਟੀ ਕਮਿਸ਼ਨਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਜ਼ਿਲ੍ਹਾ ਜੰਗਲਾਤ ਅਫ਼ਸਰ ਨੂੰ ਤੁਰੰਤ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਭਰੋਸਾ ਦਿਵਾਇਆ ਕਿ ਵਾਤਾਵਰਣ ਦੀ ਸੁਰੱਖਿਆ ਨਾਲ ਜੁੜੇ ਮਾਮਲਿਆਂ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਹਰਿਆਵਲ ਮੰਚ ਨੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਰੁੱਖ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੁਰੱਖਿਆ ਲਈ ਵੀ ਆਪਣਾ ਯੋਗਦਾਨ ਪਾਉਣ ਅਤੇ ਵਾਤਾਵਰਣ ਵਿਰੋਧੀ ਗਤੀਵਿਧੀਆਂ ਦੀ ਸੂਚਨਾ ਤੁਰੰਤ ਪ੍ਰਸ਼ਾਸਨ ਨੂੰ ਦੇਣ।

ਰੋਟਰੀ ਕਲੱਬ ਵੱਲੋਂ ਖ਼ੂਨਦਾਨ ਕੈਂਪ 25 ਨੂੰ

ਸ੍ਰੀ ਅਨੰਦਪੁਰ ਸਾਹਿਬ 23ਸਤੰਬਰ (ਦਮਨ ਅਰੋੜਾ) ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ 25 ਤਰੀਕ ਨੂੰ ਖ਼ੂਨ ਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਸੀਏ ਗੁਰਜਿੰਦਰ ਸਿੰਘ ਨੇ ਦੱਸਿਆ ਕਿ ਕਲੱਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ 25 ਤਰੀਕ ਦਿਨ ਸ਼ੁਕਰਵਾਰ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਕਾਲਜ ਪ੍ਰਿੰਸੀਪਲ ਡਾਕਟਰ ਜਸਵੀਰ ਸਿੰਘ ਅਤੇ ਸਮੁਚੇ ਸਟਾਫ ਦੇ ਸਹਿਯੋਗ ਨਾਲ ਖ਼ੂਨ ਦਾਨ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਮਲਟੀ ਸਪੈਸ਼ਲਟੀ ਹਸਪਤਾਲ ਦੇ ਬਲੱਡ ਬੈਂਕ ਦੀ ਟੀਮ ਐਮ. ਡੀ ਡਾਕਟਰ ਪੀ.ਜੇ.ਐਸ ਕੰਗ ਦੀ ਅਗਵਾਈ ਹੇਠ ਪਹੁੰਚ ਰਹੀ ਹੈ। ਪ੍ਰਧਾਨ ਗੁਰਜਿੰਦਰ ਸਿੰਘ ਨੇ ਸਵੈਇਸ਼ਕ ਖ਼ੂਨ ਦਾਨ ਕਰਨ ਵਾਲਿਆਂ, ਇਲਾਕਾ ਵਾਸੀਆਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿੱਚ ਸ਼ਮੂਲੀਅਤ ਕਰਕੇ ਖ਼ੂਨਦਾਨ ਕਰਨ ਤਾਂ ਜੋ ਲੋੜਵੰਦ ਵਿਅਕਤੀਆਂ ਦੇ ਲੋੜ ਸਮੇਂ ਖ਼ੂਨ ਕੰਮ ਆ ਸਕੇ।

'ਮਾਨ ਦੇ ਮੁਨਾਫੇ' ਮੁਹਿੰਮ ਤਹਿਤ ਰਮਨ ਬਹਿਲ ਵੱਲੋਂ ਘਰ-ਘਰ ਸੰਪਰਕ, ਲੋਕ ਭਲਾਈ ਸਕੀਮਾਂ ਦੀ ਦਿੱਤੀ ਜਾਣਕਾਰੀ

ਗੁਰਦਾਸਪੁਰ, 23 ਸਤੰਬਰ (ਗੁਲਸ਼ਨ ਰਣੀਆਂ) ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਨੇ ਗੁਰਦਾਸਪੁਰ ਸ਼ਹਿਰ ਵਿਖੇ 'ਮਾਨ ਦੇ ਮੁਨਾਫੇ' ਡੋਰ-ਟੂ-ਡੋਰ ਜਨ ਸੰਪਰਕ ਮੁਹਿੰਮ ਤਹਿਤ ਘਰ-ਘਰ ਜਾ ਕੇ ਲੋਕਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸੂਬਾ ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਲੋਕਾਂ ਦੀ ਭਲਾਈ ਲਈ ਕੀਤੇ ਗਏ ਕੰਮਾਂ ਅਤੇ ਵੱਖ-ਵੱਖ ਲੋਕ ਭਲਾਈ ਸਕੀਮਾਂ ਰਾਹੀਂ ਮਿਲ ਰਹੇ ਆਰਥਿਕ ਲਾਭਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਰਾਹਤ ਦੇਣ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਸਿੱਧਾ ਲਾਭ ਸੂਬੇ ਦੇ ਆਮ ਪਰਿਵਾਰਾਂ ਤੱਕ ਪਹੁੰਚ ਰਿਹਾ ਹੈ। 'ਮਾਨ ਦੇ ਮੁਨਾਫੇ' ਮੁਹਿੰਮ ਦਾ ਮੁੱਖ ਉਦੇਸ਼ ਵੀ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਅਤੇ ਉਨ੍ਹਾਂ ਨਾਲ ਹੋਏ ਆਰਥਿਕ ਫ਼ਾਇਦਿਆਂ ਬਾਰੇ ਜਾਣੂ ਕਰਵਾਉਣਾ ਹੈ।ਘਰ-ਘਰ ਸੰਪਰਕ ਦੌਰਾਨ ਰਮਨ ਬਹਿਲ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਅ ਵੀ ਸੁਣੇ। ਉਨ੍ਹਾਂ ਭਰੋਸਾ ਦਿੱਤਾ ਕਿ ਲੋਕਾਂ ਵੱਲੋਂ ਉਠਾਏ ਗਏ ਮਸਲਿਆਂ ਨੂੰ ਸਬੰਧਤ ਵਿਭਾਗਾਂ ਦੇ ਧਿਆਨ ਵਿੱਚ ਲਿਆ ਕੇ ਯੋਗ ਕਾਰਵਾਈ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਲੋਕਾਂ ਨੇ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਆਰਥਿਕ ਰਾਹਤਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਰਮਨ ਬਹਿਲ ਦਾ ਧੰਨਵਾਦ ਕੀਤਾ। ਲੋਕਾਂ ਨੇ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਰਾਹੀਂ ਸਰਕਾਰ ਦੀਆਂ ਸਕੀਮਾਂ ਅਤੇ ਉਨ੍ਹਾਂ ਦੇ ਲਾਭਾਂ ਬਾਰੇ ਲੋਕਾਂ ਨੂੰ ਸਿੱਧੀ ਜਾਣਕਾਰੀ ਮਿਲਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਹਸਪਤਾਲ ਨਾਂਦੇੜ ਦੇ ਵਿਸਥਾਰ ਲਈ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਕੀਤੀ ਵਿਸ਼ੇਸ਼ ਮੁਲਾਕਾਤ: ਡਾ. ਵਿਜੇ ਸਤਬੀਰ ਸਿੰਘ ਆਈ ਏ ਐਸ (ਰਿਟਾ)

ਅੰਮ੍ਰਿਤਸਰ 23 ਸਤੰਬਰ (ਰਾਜੇਸ਼ ਡੈਨੀ) ਡਾ. ਵਿਜੇ ਸਤਬੀਰ ਸਿੰਘ ਆਈ ਏ ਐਸ ਰਿਟਾ, ਪ੍ਰਸ਼ਾਸਕ, ਗੁਰਦੁਆਰਾ ਬੋਰਡ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਨੇ ਮੁੰਬਈ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦ੍ਰ ਫੜਨਵੀਸ ਜੀ ਨਾਲ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਸਪਤਾਲ ਦੇ ਵਿਸਥਾਰ ਸੰਬੰਧੀ ਵਿਸ਼ੇਸ਼ ਮੁਲਾਕਾਤ ਕੀਤੀ। ਹਸਪਤਾਲ ਦੇ ਵਿਸਥਾਰ ਬਾਰੇ ਜਾਣਕਾਰੀ ਦਿੰਦੇ ਹੋਏ, ਪ੍ਰਸ਼ਾਸਕ ਸਾਹਿਬ ਨੇ ਕਿਹਾ ਕਿ ਇਸ ਹਸਪਤਾਲ ਲਈ ਜ਼ਮੀਨ ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵੱਲੋਂ ਵਿਸ਼ੇਸ਼ ਤੌਰ ਤੇ ਦਾਨ ਵਜੋਂ ਦਾਨ ਕੀਤੀ ਗਈ ਸੀ। ਨਾਂਦੇੜ ਵਿੱਚ ਵੱਡੇ ਅਤਿ-ਆਧੁਨਿਕ ਹਸਪਤਾਲ ਦੀ ਘਾਟ ਹੈ, ਇਸ ਲਈ ਹਸਪਤਾਲ ਦਾ ਵਿਸਥਾਰ ਕਰਨਾ ਬਹੁਤ ਜ਼ਰੂਰੀ ਹੈ। ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ, ਨਾਂਦੇੜ ਲਈ 500 ਬੇਡ ਦਾ ਇੱਕ ਵੱਡਾ ਹਸਪਤਾਲ ਕਾਫ਼ੀ ਹੈ। ਇਸ ਤੋਂ ਇਲਾਵਾ, ਹਸਪਤਾਲ ਦੇ ਵਿਸਥਾਰ ਨਾਲ ਨਾਂਦੇੜ ਵਿੱਚ ਰੁਜ਼ਗਾਰ ਪੈਦਾ ਹੋਵੇਗਾ। ਪ੍ਰਸ਼ਾਸਕ ਸਾਹਿਬ ਨੇ ਮੁੱਖ ਮੰਤਰੀ ਜੀ ਨੂੰ ਵਿਸ਼ੇਸ਼ ਪੱਤਰ ਦੇ ਕਰ ਬੇਨਤੀ ਕੀਤੀ ਕਿ ਹਸਪਤਾਲ ਦੀਆਂ 50% ਨੌਕਰੀਆਂ ਪੜ੍ਹੇ-ਲਿਖੇ ਸਿੱਖ ਨੌਜਵਾਨਾਂ ਲਈ ਰਾਖਵੀਆਂ ਕੀਤੀਆਂ ਜਾਣ, ਅਤੇ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾਵੇ। ਇਸ ਤੋਂ ਇਲਾਵਾ ਹਿੰਦ-ਦੀ-ਚਾਦਰ ਸਮਾਗਮ ਦੇ ਸਫਲ ਆਯੋਜਨ ਸੰਬੰਧੀ ਹੋਈ ਚਰਚਾ ਦੌਰਾਨ, ਇਸ ਸਮਾਗਮ ਦੀ ਸਮਾਪਤੀ ਮਿਤੀ 05 ਤੋਂ 07 ਦਸੰਬਰ 2026 ਨੂੰ ਹੋਵੇਗੀ। ਜਿਸ ਲਈ ਪ੍ਰਸ਼ਾਸਕ ਸਾਹਿਬ ਨੇ ਮਾਨਯੋਗ ਮੁੱਖ ਮੰਤਰੀ ਜੀ ਵਿਸ਼ੇਸ਼ ਸੱਦਾ ਦਿੱਤਾ ਤੇ ਮੁੱਖ ਮੰਤਰੀ ਜੀ ਨੇ ਸਮਾਪਤੀ ਸਮਾਗਮ ਲਈ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਆਉਣ ਦਾ ਵਾਅਦਾ ਕੀਤਾ ਹੈ।

ਖ਼ਾਲਸਾ ਕਾਲਜ ਦੇ ਪ੍ਰਿੰ: ਡਾ. ਰੰਧਾਵਾ ਦੀ ਗੁਰੂ ਨਾਨਕ ਦੇਵ 'ਵਰਸਿਟੀ ਸਪੋਰਟਸ ਕਮੇਟੀ ਦੇ ਉਪ ਪ੍ਰਧਾਨ ਵਜੋਂ ਹੋਈ ਚੋਣ

ਅੰਮ੍ਰਿਤਸਰ, 23 ਸਤੰਬਰ (ਮੋਹਕਮ ਸਿੰਘ) ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਪੋਰਟਸ ਕਮੇਟੀ ਦੇ ਉਪ ਪ੍ਰਧਾਨ ਵਜੋਂ ਸਰਬਸੰਮਤੀ ਨਾਲ ਚੁਣਿਆ ਗਿਆ। ਡਾ. ਰੰਧਾਵਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਯੂਨੀਵਰਸਿਟੀ ਦੀ ਸਪੋਰਟਸ ਕਮੇਟੀ ਦੀ ਸਾਲਾਨਾ ਮੀਟਿੰਗ 'ਚ 'ਵਰਸਿਟੀ ਨਾਲ ਸਬੰਧਿਤ ਵੱਖ—ਵੱਖ ਕਾਲਜਾਂ ਦੇ ਪ੍ਰਿੰਸੀਪਲ ਅਤੇ ਖੇਡ ਵਿਭਾਗਾਂ ਦੇ ਮੁਖੀਆਂ ਨੇ ਸ਼ਮੂਲੀਅਤ ਕੀਤੀ।ਇਸ ਮੀਟਿੰਗ ਦਾ ਸੰਚਾਲਨ ਸਪੋਰਟਸ ਇੰਚਾਰਜ ਡਾ. ਕੰਵਰ

ਚੀਫ਼ ਖ਼ਾਲਸਾ ਦੀਵਾਨ ਵੱਲੋਂ ਪ੍ਰਕਾਸ਼ਿਤ ਅੱਠਵੀਂ ਜਮਾਤ ਦੀ ਗਣਿਤ ਵਰਕਬੁੱਕ 'ਮੈਥਵਰਸ' 'ਤੇ ਅਧਿਆਪਕ ਵਰਕਸ਼ਾਪ ਦਾ ਆਯੋਜਨ

ਅੰਮ੍ਰਿਤਸਰ 23 ਸਤੰਬਰ (ਮੋਹਕਮ ਸਿੰਘ) ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿਜਰ ਦੇਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਗਣਿਤਅਧਿਆਪਕਾਂ ਲਈ ਦੀਵਾਨ ਵੱਲੋਂ ਪ੍ਰਕਾਸ਼ਿਤ ਅੱਠਵੀਂ ਜਮਾਤ ਦੀ ਗਣਿਤ ਵਰਕਬੁੱਕ'ਮੈਥ ਵਰਸ' ਸਬੰਧੀ ਵਿਸ਼ੇਸ਼ ਅਧਿਆਪਕ ਵਰਕਸ਼ਾਪ ਦਾਆਯੋਜਨ ਕੀਤਾ ਗਿਆ ਜਿਸ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਵੱਖ-ਵੱਖ ਸਕੂਲਾਂ ਦੇਲਗਭਗ 100 ਗਣਿਤ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ । ਵਰਕਸ਼ਾਪ ਦੌਰਾਨ ਅਧਿਆਪਕਾਂ ਨੂੰ ਗਣਿਤ ਨੂੰ ਸਰਲ, ਰੌਚਕ ਅਤੇ ਗਤੀਵਿਧੀਆਂਰਾਹੀਂ ਬੱਚਿਆਂ ਤੱਕ ਪਹੁੰਚਾਉਣ, ਬੱਚਿਆਂ ਦੀ ਸਮਝ ਅਤੇ ਸਿੱਖਣ ਦੀ ਰੁਚੀ ਨੂੰਵਧਾਉਣ ਅਤੇ ਨਵੀਆਂ ਅਧਿਆਪਨ ਵਿਧੀਆਂ ਨੂੰ ਕਲਾਸਰੂਮ ਵਿੱਚ ਪ੍ਰਭਾਵਸ਼ਾਲੀਢੰਗ ਨਾਲ ਲਾਗੂ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਰਕਸ਼ਾਪ ਦੇ ਮੁੱਖ ਰਿਸੋਰਸ ਪਰਸਨ ਸ਼੍ਰੀਮਤੀ ਦਪਿੰਦਰ ਕੌਰ (ਪ੍ਰਿੰਸੀਪਲ ਅਤੇਸਹਾਇਕ ਡਾਇਰੈਕਟਰ) ਨੇ ਅਧਿਆਪਕਾਂ ਨੂੰ ਗਣਿਤ ਨੂੰ ਸਰਲ ਅਤੇ ਰੌਚਕ ਢੰਗਨਾਲ ਪੜ੍ਹਾਉਣ ਦੇ ਗੁਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਖੇਡਾਂ ਅਤੇ ਗਤੀਵਿਧੀਆਂਰਾਹੀਂ ਗਣਿਤ ਨੂੰ ਬੱਚਿਆਂ ਤੱਕ ਆਸਾਨੀ ਨਾਲ ਪਹੁੰਚਾਇਆ ਜਾ ਸਕਦਾ ਹੈ। ਉਨ੍ਹਾਂਵਿਸ਼ੇਸ਼ ਤੌਰ 'ਤੇ ਦੱਸਿਆ ਕਿ ਸਹੀ ਤਰੀਕਿਆਂ ਅਤੇ ਨਿਰੰਤਰ ਅਭਿਆਸ ਰਾਹੀਂਵੱਡੀਆਂ-ਵੱਡੀਆਂ ਗੁਣਾ ਦੀਆਂ ਗਣਨਾਵਾਂ ਨੂੰ ਵੀ ਕੁਝ ਹੀ ਮਿੰਟਾਂ ਵਿੱਚ ਹੱਲ ਕੀਤਾਜਾ ਸਕਦਾ ਹੈ। ਉਨ੍ਹਾਂ ਅਧਿਆਪਕਾਂ ਨੂੰ ਵਿਦਿਆਰਥੀਆਂ ਵਿੱਚ ਗਣਿਤ ਪ੍ਰਤੀ ਡਰਦੀ ਥਾਂ ਉਤਸ਼ਾਹ ਪੈਦਾ ਕਰਨ ਲਈ ਪ੍ਰੈਕਟਿਸ ਨੂੰ ਬਹੁਤ ਜ਼ਰੂਰੀ ਦੱਸਿਆ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ. ਰਮਣੀਕ ਸਿੰਘ ਨੇਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਇਹ ਵਰਕਬੁੱਕਸਿਰਫ਼ ਇੱਕ ਕਿਤਾਬ ਨਹੀਂ, ਸਗੋਂ ਗਣਿਤ ਨੂੰ ਸਮਝਣ, ਮਹਿਸੂਸ ਕਰਨ ਅਤੇਵਿਹਾਰਕ ਜੀਵਨ ਨਾਲ ਜੋੜਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੈ। ਉਨ੍ਹਾਂ ਕਿਹਾ ਕਿਅਧਿਆਪਕਾਂ ਦੀ ਭੂਮਿਕਾ ਸਿਰਫ਼ ਪਾਠਕ੍ਰਮ ਪੂਰਾ ਕਰਨ ਤੱਕ ਸੀਮਿਤ ਨਹੀਂ, ਬਲਕਿਵਿਦਿਆਰਥੀਆਂ ਵਿੱਚ ਵਿਸ਼ੇ ਪ੍ਰਤੀ ਦਿਲਚਸਪੀ ਅਤੇ ਆਤਮ-ਵਿਸ਼ਵਾਸ ਪੈਦਾਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਇਸ ਵਰਕਸ਼ਾਪ ਰਾਹੀਂ ਅਧਿਆਪਕਾਂ ਨੂੰ 'ਮੈਥਵਰਸ' ਦੀ ਸਹੀ ਵਰਤੋਂ ਅਤੇ ਇਸ ਦੇ ਪਿੱਛੇ ਮੌਜੂਦ ਐਜੂਕੇਸ਼ਨਲ ਉਦੇਸ਼ਾਂ ਨੂੰ ਸਮਝਣਦਾ ਮੌਕਾ ਮਿਲਿਆ ਹੈ, ਜਿਸ ਦਾ ਸਿੱਧਾ ਲਾਭ ਵਿਦਿਆਰਥੀਆਂ ਦੀ ਗਣਿਤ ਸਿੱਖਣਦੀ ਪ੍ਰਕਿਰਿਆ ਨੂੰ ਮਿਲੇਗਾ। ਇਸ ਮੌਕੇ ਡਿਪਟੀ ਡਾਇਰੈਕਟਰ ਮਿਸਿਜ ਉਰਮਿੰਦਰ ਕੌਰ ਨੇ ਗਣਿਤ ਨੂੰ ਕਵੀਨਆਫ ਸਾਇੰਸ ਦੱਸਦਿਆਂ ਕਿਹਾ ਕਿ ਗਣਿਤ ਸਿਰਫ਼ ਇੱਕ ਵਿਸ਼ਾ ਨਹੀਂ, ਸਗੋਂਤਰਕਸ਼ੀਲ ਸੋਚ, ਸਮੱਸਿਆ-ਹੱਲ ਕਰਨ ਦੀ ਯੋਗਤਾ ਅਤੇ ਰੋਜ਼ਾਨਾ ਜੀਵਨ ਵਿੱਚਸਹੀ ਫ਼ੈਸਲੇ ਲੈਣ ਦੀ ਸਮਰੱਥਾ ਵਿਕਸਿਤ ਕਰਨ ਦਾ ਮਹੱਤਵਪੂਰਨ ਮਾਧਿਅਮ ਹੈ।ਉਨ੍ਹਾਂ ਕਿਹਾ ਕਿ 'ਮੈਥ ਵਰਸ' ਵਰਗੀਆਂ ਗਤੀਵਿਧੀਆਂ-ਆਧਾਰਿਤ ਸਿੱਖਿਆਸਾਮੱਗਰੀਆਂ ਰਾਹੀਂ ਵਿਦਿਆਰਥੀਆਂ ਨੂੰ ਗਣਿਤ ਨਾਲ ਜੋੜਨਾ ਹੋਰ ਪ੍ਰਭਾਵਸ਼ਾਲੀਬਣਾਇਆ ਜਾ ਸਕਦਾ ਹੈ। ਵਰਕਸ਼ਾਪ ਵਿੱਚ ਸ਼ਾਮਿਲ ਅਧਿਆਪਕਾਂ ਨੇ ਗਤੀਵਿਧੀਆਂ ਆਧਾਰਿਤ ਲਰਨਿੰਗਅਤੇ ਗਣਿਤ ਨੂੰ ਰੌਚਕ ਬਣਾਉਣ ਦੀਆਂ ਨਵੀਆਂ ਅਧਿਆਪਨ ਵਿਧੀਆਂ ਨੂੰਆਪਣੀ ਸਕੂਲ ਕਲਾਸਾਂ ਵਿੱਚ ਲਾਗੂ ਕਰਨ ਲਈ ਉਤਸ਼ਾਹ ਪ੍ਰਗਟਾਇਆ।

ਨਸ਼ਾ ਮੁਕਤ ਪੰਜਾਬ ਦੀ ਲਹਿਰ ਤੋਂ ਵਿਰੋਧੀ ਪਾਰਟੀਆਂ ਵਿੱਚ ਘਬਰਾਹਟ ਭਾਜਪਾ ਆਗੂ ਵਿਜੇ ਭਾਟੀਆ ਸੰਡਰੇਵਾਲ

ਬਲਾਚੌਰ 23 ਸੰਤਬਰ (ਤਜਿੰਦਰ ਜੋਤ ਜਸਵਿੰਦਰ ਕੌਰ) ਪੰਜਾਬ ਵਿੱਚ ਨਸ਼ਾ ਮੁਕਤੀ ਲਈ ਚਲਾਈ ਜਾ ਰਹੀ ਵਿਆਪਕ ਮੁਹਿੰਮ ਨੂੰ ਆਮ ਜਨਤਾ ਵੱਲੋਂ ਮਿਲ ਰਹੇ ਭਰਵੇਂ ਸਮਰਥਨ ਕਾਰਨ ਸੂਬੇ ਦੀਆਂ ਵਿਰੋਧੀ ਰਾਜਨੀਤਿਕ ਪਾਰਟੀਆਂ ਵਿੱਚ ਭਾਰੀ ਘਬਰਾਹਟ ਅਤੇ ਬੇਚੈਨੀ ਦੇਖਣ ਨੂੰ ਮਿਲ ਰਹੀ ਹੈ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਵਿਜੇ ਭਾਟੀਆ ਸੰਡਰੇਵਾਲ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ। ਭਾਜਪਾ ਆਗੂ ਨੇ ਕਿਹਾ ਕਿ ਨਸ਼ਾ ਅੱਜ ਪੰਜਾਬ ਦੀ ਨੌਜਵਾਨ ਪੀੜ੍ਹੀ, ਆਰਥਿਕਤਾ ਅਤੇ ਸੂਬੇ ਦੇ ਸੁਨਹਿਰੀ ਭਵਿੱਖ ਲਈ ਇੱਕ ਬਹੁਤ ਹੀ ਗੰਭੀਰ ਚੁਣੌਤੀ ਬਣ ਚੁੱਕਾ ਹੈ। ਉਨ੍ਹਾਂ ਆਖਿਆ ਕਿ ਇਸ ਸੰਵੇਦਨਸ਼ੀਲ ਮੁੱਦੇ ਤੇ ਕਿਸੇ ਵੀ ਤਰ੍ਹਾਂ ਦੀ ਸਿਆਸੀ ਰੰਜਿਸ਼ ਜਾਂ ਵੋਟ ਬੈਂਕ ਦੀ ਰਾਜਨੀਤੀ ਕਰਨ ਦੀ ਬਜਾਏ, ਸਾਰੀਆਂ ਪਾਰਟੀਆਂ ਨੂੰ ਰਾਜਨੀਤਿਕ ਹਿੱਤਾਂ ਤੋਂ ਉੱਪਰ ਉੱਠ ਕੇ ਇੱਕਮੁੱਠ ਹੋਣ ਦੀ ਲੋੜ ਹੈ। ਵਿਜੇ ਭਾਟੀਆ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਨਸ਼ਿਆਂ ਦੇ ਕੋਹੜ ਵਿਰੁੱਧ ਜਨਤਕ ਤੌਰ ਤੇ ਆਵਾਜ਼ ਬੁਲੰਦ ਕਰ ਰਹੇ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਨੌਜਵਾਨ ਸ਼ਕਤੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਚੰਗੀ ਸਿੱਖਿਆ, ਖੇਡਾਂ, ਕਲਾ ਅਤੇ ਰੋਜ਼ਗਾਰ ਦੇ ਮੁੱਖ ਖੇਤਰਾਂ ਨਾਲ ਜੋੜਨਾ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਸਿਰਫ਼ ਸਰਕਾਰ ਦੀ ਇਕੱਲੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜਿਕ ਸੰਸਥਾਵਾਂ, ਧਾਰਮਿਕ ਸੰਗਠਨਾਂ ਅਤੇ ਹਰੇਕ ਪੰਜਾਬੀ ਦੀ ਸਾਂਝੀ ਨੈਤਿਕ ਜ਼ਿੰਮੇਵਾਰੀ ਭਾਜਪਾ ਆਗੂ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਬਿਨਾਂ ਨਤੀਜਿਆਂ ਵਾਲੇ ਖੋਖਲੇ ਬਿਆਨਾਂ ਅਤੇ ਲਾਰੇ-ਲੱਪਿਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੀ ਹੈ। ਲੋਕ ਹੁਣ ਨਸ਼ਾ ਤਸਕਰਾਂ ਵਿਰੁੱਧ ਜ਼ਮੀਨੀ ਪੱਧਰ ਤੇ ਸਖ਼ਤ ਅਤੇ ਠੋਸ ਕਾਨੂੰਨੀ ਕਾਰਵਾਈ ਚਾਹੁੰਦੇ ਹਨ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕੀਤਾ ਜਾ ਸਕੇ। ਆਪਣੇ ਬਿਆਨ ਦੇ ਅੰਤ ਵਿੱਚ ਵਿਜੇ ਭਾਟੀਆ ਸੰਡਰੇਵਾਲ ਨੇ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਿਰੁੱਧ ਵਿੱਢੀ ਗਈ ਇਸ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਭਾਰਤੀ ਜਨਤਾ ਪਾਰਟੀ ਦਾ ਸਾਥ ਦੇਣ। ਉਨ੍ਹਾਂ ਸਭ ਨੂੰ ਆਪਣੇ ਆਲੇ-ਦੁਆਲੇ ਅਤੇ ਪਰਿਵਾਰਾਂ ਦੇ ਨੌਜਵਾਨਾਂ ਨੂੰ ਜਾਗਰੂਕ ਕਰਨ ਅਤੇ ਇੱਕ ਨਸ਼ਾ-ਮੁਕਤ, ਰੰਗਲਾ ਤੇ ਤੰਦਰੁਸਤ ਪੰਜਾਬ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣ ਦਾ ਨਿੱਘਾ ਸੱਦਾ ਦਿੱਤਾ।

ਬਲਵਿੰਦਰ ਸਿੰਘ ਲਾਡੀ ਨੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਲੱਖਾਂ ਰੁਪਏ ਦੇ ਚੈੱਕ ਵੰਡੇ

ਸ੍ਰੀ ਹਰਗੋਬਿੰਦਪੁਰ ਸਾਹਿਬ/ਬਟਾਲਾ, 23 ਸਤੰਬਰ (ਸੰਜੀਵ ਨਈਅਰ) ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ ਨੇ ਆਪਣੇ ਦਫ਼ਤਰ ਵਿਖੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਲੱਖਾਂ ਰੁਪਏ ਦੇ ਚੈੱਕ ਵੰਡੇ ਅਤੇ ਕਿਹਾ ਕਿ ਹਲਕੇ ਦੇ ਪਿੰਡਾਂ ਅੰਦਰ ਕਰੋੜਾਂ ਰੁਪਏ ਦੇ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਜਾ ਹਨ ਅਤੇ ਪਿੰਡਾਂ ਦੇ ਚਹੁਪੱਖੀ ਵਿਕਾਸ ਕੰਮਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਬਲਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸਰਬਪੱਖੀ ਵਿਕਾਸ ਉਨਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਪਿੰਡਾਂ ਦੀ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਕਿਹਾ ਗਿਆ ਹੈ ਕਿ ਉਹ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਕਰਵਾਉਣ ਅਤੇ ਪਿੰਡ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਪੂਰੀ ਮਿਹਨਤ ਨਾਲ ਕੰਮ ਕਰਨ। ਪਿੰਡਾਂ ਅੰਦਰ ਖੇਡ ਮੈਦਾਨ ਸੜਕਾਂ, ਪਾਰਕਾਂ, ਸਟਰੀਟ ਲਾਈਟਾਂ, ਗੰਦੇ ਪਾਣੀ ਦੀ ਨਿਕਾਸੀ ਸਮੇਤ ਵੱਖ ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।

ਪ੍ਰੈਸ ਕਲੱਬ ਜਾਗਦੀ ਜ਼ਮੀਰ ਪੰਜਾਬ ਦੀ ਬਟਾਲਾ ਦਫ਼ਤਰ ਵਿਖੇ ਭਰਵੀਂ ਮੀਟਿੰਗ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸ਼ਾਂਤੀਪੂਰਵਕ ਨੇਪਰੇ ਚੜ੍ਹਨ ਤੇ ਪ੍ਰਸ਼ਾਸਨ ਦੀ ਕੀਤੀ ਸ਼ਲਾਘਾ

ਬਟਾਲਾ, 23 ਸਤੰਬਰ (ਸੰਜੀਵ ਨਈਅਰ) ਪ੍ਰੈਸ ਕਲੱਬ ਜਾਗਦੀ ਜ਼ਮੀਰ ਪੰਜਾਬ ਵੱਲੋਂ ਬਟਾਲਾ ਸਥਿਤ ਪ੍ਰੈਸ ਕਲੱਬ ਦੇ ਦਫ਼ਤਰ ਵਿਖੇ ਇੱਕ ਅਹਿਮ ਤੇ ਭਰਵੀਂ ਮੀਟਿੰਗ ਕਰਵਾਈ ਗਈ। ਮੀਟਿੰਗ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਪਵਿੱਤਰ ਵਿਆਹ ਪੁਰਬ ਸਮਾਗਮ ਦੇ ਸੁਚੱਜੇ, ਸ਼ਾਂਤੀਪੂਰਵਕ ਅਤੇ ਸੁਖਦ ਮਾਹੌਲ ਵਿੱਚ ਸੰਪੰਨ ਹੋਣ 'ਤੇ ਤਸੱਲੀ ਪ੍ਰਗਟ ਕਰਦਿਆਂ ਸਮੂਹ ਪ੍ਰਸ਼ਾਸਨ, ਸੰਗਤਾਂ ਅਤੇ ਸਹਿਯੋਗੀ ਜਥੇਬੰਦੀਆਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਮੀਟਿੰਗ ਦੀ ਅਗਵਾਈ ਪੰਜਾਬ ਪ੍ਰਧਾਨ ਰਸ਼ਪਾਲ ਸਿੰਘ ਬਿੱਟੂ, ਪੰਜਾਬ ਚੇਅਰਮੈਨ ਸੰਜੀਵ ਨਈਅਰ, ਡਾ. ਹਰਪਾਲ ਸਿੰਘ ਬਟਾਲਵੀ, ਜਨਰਲ ਸਕੱਤਰ ਸੁਭਾਸ਼ ਸਹਿਗਲ, ਭੁਪਿੰਦਰ ਸਿੰਘ ਸੋਢੀ, ਅਵਿਨਾਸ਼ ਸ਼ਰਮਾ, ਬਲਦੇਵ ਸਿੰਘ ਖਾਲਸਾ, ਸੁਨੀਲ ਬਟਾਲਵੀ ਅਤੇ ਅਮਨਦੀਪ ਕੌਰ ਸੰਧੂ ਨੇ ਕੀਤੀ। ਪੱਤਰਕਾਰਾਂ ਨੇ ਕਿਹਾ ਕਿ ਵਿਆਹ ਪੁਰਬ ਦੇ ਪਵਿੱਤਰ ਸਮਾਗਮਾਂ ਦੌਰਾਨ ਬਟਾਲਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਡਿਪਟੀ ਕਮਿਸ਼ਨਰ ਗੁਰਦਾਸਪੁਰ, ਐੱਸ.ਐੱਸ.ਪੀ. ਬਟਾਲਾ ਡਾ. ਮਹਿਤਾਬ ਸਿੰਘ ਸਮੇਤ ਸਮੂਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧ ਸ਼ਲਾਘਾਯੋਗ ਰਹੇ। ਇਸ ਦੇ ਨਾਲ ਹੀ ਸਮਾਜ ਸੇਵੀ ਜਥੇਬੰਦੀਆਂ, ਧਾਰਮਿਕ ਸੰਸਥਾਵਾਂ, ਸੰਗਤਾਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੱਲੋਂ ਨਿਭਾਈ ਗਈ ਸਹਿਯੋਗੀ ਭੂਮਿਕਾ ਨੇ ਵੀ ਸਮਾਗਮਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਅਹਿਮ ਯੋਗਦਾਨ ਪਾਇਆ। ਪ੍ਰੈਸ ਕਲੱਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਅਜਿਹੇ ਪਵਿੱਤਰ ਇਤਿਹਾਸਕ ਸਮਾਗਮਾਂ ਮੌਕੇ ਪ੍ਰਸ਼ਾਸਨ, ਸੰਗਤ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਆਪਸੀ ਤਾਲਮੇਲ ਅਤੇ ਸਹਿਯੋਗ ਦੀ ਭਾਵਨਾ ਨਾਲ ਕੰਮ ਕਰਨਾ ਬਟਾਲਾ ਦੀ ਭਾਈਚਾਰਕ ਸਾਂਝ, ਧਾਰਮਿਕ ਸਦਭਾਵਨਾ ਅਤੇ ਸ਼ਾਂਤੀਪੂਰਨ ਵਿਰਾਸਤ ਨੂੰ ਹੋਰ ਮਜ਼ਬੂਤ ਕਰਦਾ ਹੈ। ਅੰਤ ਵਿੱਚ ਪ੍ਰੈਸ ਕਲੱਬ ਜਾਗਦੀ ਜ਼ਮੀਰ ਪੰਜਾਬ ਵੱਲੋਂ ਸਮੂਹ ਪ੍ਰਸ਼ਾਸਨਿਕ ਅਧਿਕਾਰੀਆਂ, ਪੁਲਿਸ ਪ੍ਰਸ਼ਾਸਨ, ਸੰਗਤਾਂ, ਸਮਾਜ ਸੇਵੀ ਜਥੇਬੰਦੀਆਂ ਅਤੇ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਅਰਨੀ ਯੂਨੀਵਰਸਿਟੀ ਨੇ ਸੈਂਚੁਰੀ ਪਲਾਈਬੋਰਡ ਲਿਮਟਿਡ ਲਈ ਉਦਯੋਗਿਕ ਦੌਰੇ ਨੂੰ ਕੀਤਾ ਰਵਾਨਾ

ਪਠਾਨਕੋਟ/ਕਾਂਗੜਾ/ਇੰਦੌਰਾ, 23, ਸਤੰਬਰ (ਤਰੁਣ ਸਣਹੋਤਰਾ) ਅਰਨੀ ਯੂਨੀਵਰਸਿਟੀ ਦੇ ਅਰਨੀ ਸਕੂਲ ਆਫ ਬਿਜ਼ਨਸ ਮੈਨੇਜਮੈਂਟ ਐਂਡ ਕਾਮਰਸ ਵੱਲੋਂ ਅੱਜ ਹੋਸ਼ਿਆਰਪੁਰ ਸਥਿਤ ਸੈਂਚੁਰੀ ਪਲਾਈਬੋਰਡ ਲਿਮਟਿਡ ਲਈ ਇੱਕ ਉਦਯੋਗਿਕ ਦੌਰੇ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪਹਿਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਲਾਸਰੂਮ ਵਿੱਚ ਸਿੱਖੀ ਥਿਊਰੀ ਅਤੇ ਅਸਲ ਉਦਯੋਗਿਕ ਤਜਰਬੇ ਵਿਚਕਾਰਲੇ ਫਰਕ ਨੂੰ ਘਟਾਉਣ ਲਈ ਵਿਹਾਰਕ ਅਨੁਭਵ ਪ੍ਰਦਾਨ ਕਰਨਾ ਹੈ। ਇਸ ਉਦਯੋਗਿਕ ਦੌਰੇ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ, ਜਿਨ੍ਹਾਂ ਵਿੱਚ ਰਜਿਸਟਰਾਰ, ਸਕੂਲ ਦੇ ਡੀਨ ਅਤੇ ਵਿਭਾਗ ਮੁਖੀ (8®4) ਸ਼ਾਮਲ ਸਨ, ਵੱਲੋਂ ਅਧਿਕਾਰਤ ਤੌਰ 'ਤੇ ਹਰੀ ਝੰਡੀ ਦੇ ਕੇ ਕੀਤੀ ਗਈ। ਉਨ੍ਹਾਂ ਦੀ ਮੌਜੂਦਗੀ ਵਿਦਿਆਰਥੀਆਂ ਨੂੰ ਸੰਪੂਰਨ ਸਿੱਖਿਆ ਅਤੇ ਉਦਯੋਗ ਨਾਲ ਜੁੜਿਆ ਵਿਹਾਰਕ ਤਜਰਬਾ ਪ੍ਰਦਾਨ ਕਰਨ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਦੌਰੇ ਵਿੱਚ ਬਿਜ਼ਨਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲਿਆ। ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਹੋਣ ਵਾਲੀਆਂ ਨਿਰਮਾਣ ਪ੍ਰਕਿਰਿਆਵਾਂ, ਸਪਲਾਈ ਚੇਨ ਮੈਨੇਜਮੈਂਟ ਅਤੇ ਪਲਾਈਵੁੱਡ ਤੇ ਲੱਕੜ ਉਤਪਾਦ ਉਦਯੋਗ ਦੀ ਇੱਕ ਪ੍ਰਮੁੱਖ ਕੰਪਨੀ ਵੱਲੋਂ ਅਪਣਾਈਆਂ ਜਾ ਰਹੀਆਂ ਕਾਰਪੋਰੇਟ ਸੰਚਾਲਨ ਰਣਨੀਤੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। ਰਵਾਨਗੀ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਉਦਯੋਗਿਕ ਦੌਰੇ ਸਬੰਧੀ ਜ਼ਰੂਰੀ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੂੰ ਯੂਨੀਵਰਸਿਟੀ ਦੀ ਨਿਰਧਾਰਤ ਯੂਨੀਫਾਰਮ ਪਹਿਨਣ, ਆਪਣਾ ਕਾਲਜ ਪਛਾਣ ਪੱਤਰ ਨਾਲ ਰੱਖਣ ਅਤੇ ਪੂਰੇ ਦੌਰੇ ਦੌਰਾਨ ਅਨੁਸ਼ਾਸਨ ਬਣਾਈ ਰੱਖਣ ਲਈ ਕਿਹਾ ਗਿਆ। ਨਾਲ ਜਾਣ ਵਾਲੇ ਫੈਕਲਟੀ ਮੈਂਬਰਾਂ ਨੇ ਸਮੇਂ ਦੀ ਪਾਬੰਦੀ ਅਤੇ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿਦਿਆਰਥ

ਪੰਜਾਬ 'ਚ ਬਿਜਲੀ ਸੰਕਟ ਵਿਚਾਲੇ ਪਾਵਰਕਾਮ ਨੂੰ ਰਾਹਤ

ਸਾਰੇ ਥਰਮਲ ਯੂਨਿਟ ਚਾਲੂ, ਜੂਨੀਅਰ ਇੰਜੀਨੀਅਰਾਂ ਨੇ ਬਿਜਲੀ ਸੰਕਟ ਦੇ ਸਥਾਈ ਹੱਲ ਲਈ ਦਿੱਤਾ ਸੁਝਾਅ

ਪਟਿਆਲਾ, 23 ਸਤੰਬਰ (ਰਾਜਿੰਦਰ ਸਿੰਘ ਬਿੰਦ) : ਪੰਜਾਬ ਦੇ ਸਾਰੇ ਥਰਮਲਾਂ ਦੇ ਯੂਨਿਟਾਂ ਤੋਂ ਬਿਜਲੀ ਉਤਪਾਦਨ ਸ਼ੁਰੂ ਹੋਣ ਨਾਲ ਪਾਵਰਕਾਮ ਨੂੰ ਕੁਝ ਰਾਹਤ ਮਿਲੀ ਹੈ। ਹਾਲਾਂਕਿ ਬਿਜਲੀ ਮੰਗ ਵਿਚ ਵੀ ਅਜੇ ਵੀ ਕੋਈ ਕਮੀ ਨਹੀਂ ਆਈ ਤੇ ਪੂਰਤੀ ਲਈ ਬਾਹਰੋਂ ਬਿਜਲੀ ਲੈਣ ਦਾ ਸਿਲਸਿਲਾ ਵੀ ਜਾਰੀ ਹੈ। ਮੰਗਲਵਾਰ ਨੂੰ ਬਿਜਲੀ ਮੰਗ 16500 ਮੈਗਾਵਾਟ ਨੇੜੇ ਪੁੱਜ ਗਈ। ਇਸ ਦੌਰਾਨ ਪਾਵਰਕਾਮ ਨੇ ਪੰਜਾਬ ਦੇ ਥਰਮਲਾਂ ਤੇ ਦੇ ਹੋਰ ਸੋਮਿਆਂ ਤੋਂ ਕਰੀਬ 5500 ਮੈਗਾਵਾਟ ਬਿਜਲੀ ਹਾਸਿਲ ਕੀਤੀ ਜਦੋਂਕਿ 10 ਹਜ਼ਾਰ ਮੈਗਾਵਾਟ ਤੋਂ ਵੱਧ ਬਿਜਲੀ ਬਾਹਰੀ ਸੋਤਾਂ ਤੋਂ ਲੈਣੀ ਪਈ ਹੈ। ਬਿਜਲੀ ਦੇ ਚੱਲ ਰਹੇ ਸੰਕਟ ਵਿਚ ਪਾਵਰਕਾਮ ਦੇ ਜੂਨੀਅਨਰ ਇੰਜੀਨਅਰਾਂ ਨੇ ਵੀ ਇਸ ਦਾ ਸਥਾਈ ਹੱਲ ਕਰਨ ਲਈ ਸੁਝਾਅ ਦਿੱਤੇ ਹਨ। ਕੌਂਸਲ ਆਫ ਜੂਨੀਅਰ ਇੰਜੀਨੀਅਰਜ਼ ਪੀ.ਐਸ.ਈ.ਬੀ ਨੇ ਪੰਜਾਬ ਰਾਜ ਅੰਦਰ ਬਿਜਲੀ ਸੰਕਟ ਦਾ ਸਥਾਈ ਹੱਲ ਕੱਢਣ ਲਈ ਲੰਬੇ ਸਮੇਂ ਦੀ ਬਿਜਲੀ ਉਤਪਾਦਨ ਯੋਜਨਾ ਤੁਰੰਤ ਅਮਲ ਵਿੱਚ

ਲਿਆਉਣ ਦੀ ਮੰਗ ਕੀਤੀ ਹੈ। ਕੌਂਸਲ ਦੇ ਮੁੱਖ ਸਰਪ੍ਰਸਤ ਇੰਜੀ. ਦਵਿੰਦਰ ਸਿੰਘ, ਸੂਬਾ ਪ੍ਰਧਾਨ ਇੰਜੀ. ਪਰਮਜੀਤ ਸਿੰਘ ਖੱਟੜਾ ਅਤੇ ਸੂਬਾ ਜਨਰਲ ਸਕੱਤਰ ਇੰਜੀ. ਅਮਨਦੀਪ ਜੋਹਲਵੀ ਨੇ ਦੱਸਿਆ ਕਿ ਪੰਜਾਬ ਵਿੱਚ ਬਿਜਲੀ ਦੀ ਮੰਗ ਅਚਾਨਕ ਵਧ ਕੇ ਲਗਭਗ 17 ਹਜ਼ਾਰ ਮੈਗਾਵਾਟ ਤੱਕ ਪਹੁੰਚ ਚੁੱਕੀ ਹੈ। ਕਰਮਚਾਰੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਰਾਜ ਨੂੰ ਅਣਐਲਾਨੇ ਬਿਜਲੀ ਕੱਟ ਲਗਾਉਣੇ ਪੈ ਰਹੇ ਹਨ, ਜਿਸ ਕਾਰਨ ਘਰੇਲੂ ਖਪਤਕਾਰਾਂ, ਉਦਯੋਗਿਕ ਉਤਪਾਦਨ ਅਤੇ ਝੋਨੇ ਦੇ ਸੀਜ਼ਨ ਦੌਰਾਨ ਖੇਤੀਬਾੜੀ ਸੈਕਟਰ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੌਂਸਲ ਲੀਡਰਸ਼ਿਪ ਅਨੁਸਾਰ ਬਿਜਲੀ ਮੰਗ ਨੂੰ ਪੂਰਾ ਕਰਨ ਲਈ ਪਾਵਰਕੌਮ ਦੀ ਕੇਂਦਰੀ ਪੂਲ ਅਤੇ ਪ੍ਰਾਈਵੇਟ ਥਰਮਲ ਪਲਾਂਟਾਂ 'ਤੇ ਨਿਰਭਰਤਾ ਵਧਦੀ ਜਾ ਰਹੀ ਹੈ, ਜੋ ਸੂਬੇ ਲਈ ਲਾਹੇਵੰਦ ਨਹੀਂ ਹੈ। ਪਾਵਰ ਮਾਰਕੀਟ ਅਤੇ ਦੁਵੱਲੇ ਸਮਝੌਤਿਆਂ ਕਾਰਨ ਪਾਵਰਕੌਮ ਨੂੰ ਉੱਚੇ ਅਤੇ ਉਤਾਰ-ਚੜ੍ਹਾਅ ਵਾਲੇ ਰੇਟਾਂ 'ਤੇ ਬਿਜਲੀ ਖਰੀਦਣੀ ਪੈਂਦੀ ਹੈ, ਜਦਕਿ ਫਿਕਸਡ ਚਾਰਜ ਵੀ ਦੇਣੇ ਪੈਂਦੇ ਹਨ। ਸਥਾਈ ਹੱਲ ਲਈ ਸੂਬਾ ਸਿਰਫ਼ ਥੋੜ੍ਹੇ ਸਮੇਂ ਦੇ ਪ੍ਰਬੰਧਾਂ 'ਤੇ ਨਿਰਭਰ ਨਹੀਂ ਰਹਿ ਸਕਦਾ।

ਮੰਗ 'ਤੇ ਨਿਰਭਰ ਕਰਦਾ ਹੈ ਯੂਨਿਟਾਂ ਦਾ ਬੰਦ ਹੋਣਾ : ਡਾਇਰੈਕਟਰ

ਪੀਐਸਪੀਸੀਐੱਲ ਡਾਇਰੈਕਟਰ (ਉਤਪਾਦਨ) ਇੰਜ. ਪੁਨਰਦੀਪ ਸਿੰਘ ਬਰਾੜ ਨੇ ਕਿਹਾ ਕਿ ਪਹਿਲਾਂ ਤਲਵੰਡੀ ਸਾਬੋ ਥਰਮਲ ਪਲਾਂਟ ਵਿਚ ਤਕਨੀਕੀ ਖਰਾਬੀ ਕਾਰਨ ਇਕ ਯੂਨਿਟ ਅਤੇ ਰੋਪੜ ਥਰਮਲ ਪਲਾਂਟ ਦੇ ਇਕ ਯੂਨਿਟ ਤੋਂ ਬਿਜਲੀ ਦੀ ਮੰਗ ਘੱਟ ਹੋਣ ਕਾਰਨ ਉਤਪਾਦਨ ਬੰਦ ਪਿਆ ਸੀ ਪਰੰਤੂ ਹੁਣ ਤਲਵੰਡੀ ਸਾਬੋ ਅਤੇ ਰੋਪੜ ਥਰਮਲ ਪਲਾਂਟ ਦੇ ਸਾਰੇ ਯੂਨਿਟਾਂ ਤੋਂ ਬਿਜਲੀ ਉਤਪਾਦਨ ਹੋ ਰਿਹਾ ਹੈ। ਜਦੋਂਕਿ ਸੂਬੇ ਦੀ ਘਟੀ ਬਿਜਲੀ ਦੀ ਮੰਗ ਕਾਰਨ ਪਹਿਲਾਂ ਵਾਂਗੂ ਰੋਪੜ ਦੇ ਥਰਮਲ ਪਲਾਂਟ ਦੇ ਇਕ ਯੂਨਿਟ ਬੰਦ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਯੂਨਿਟਾਂ ਦੇ ਬੰਦ ਹੋਣ ਦਾ ਕਾਰਨ ਬਿਜਲੀ ਦੀ ਘਾਟ ਜਾਂ ਬਿਜਲੀ ਸਪਲਾਈ ਵਿੱਚ ਕਿਸੇ ਤਰ੍ਹਾਂ ਦੀ ਸਮੱਸਿਆ ਨਹੀਂ ਸਗੋਂ ਸੂਬੇ ਦੀ ਬਿਜਲੀ ਦੀ ਮੰਗ ਤੇ ਨਿਰਭਰ ਕਰਦੀ ਹੈ।

ਖਰੜ ਵਿਧਾਨ ਸਭਾ ਹਲਕੇ ਵਿੱਚ ਨਸ਼ਾ ਮੁਕਤ ਪੰਜਾਬ ਯਾਤਰਾ ਦਾ ਭਰਵਾਂ ਸਵਾਗਤ

ਨਿਊ - ਚੰਡੀਗੜ੍ਹ, 23 ਸਤੰਬਰ (ਜੇ.ਕੇ ਬੱਤਾ) : ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ 'ਨਸ਼ਾ ਮੁਕਤ ਪੰਜਾਬ ਯਾਤਰਾ' 21 ਸਤੰਬਰ ਨੂੰ ਮੋਹਾਲੀ ਜ਼ਿਲ੍ਹੇ ਦੇ ਲਾਲੜੂ ਮੰਡਲ ਵਿੱਚ ਦਾਖਲ ਹੋਈ, ਡੇਰਾਬੱਸੀ, ਜ਼ੀਰਕਪੁਰ ਅਤੇ ਮੋਹਾਲੀ ਵਿੱਚੋਂ ਲੰਘਦੀ ਹੋਈ 22 ਸਤੰਬਰ ਨੂੰ ਖਰੜ ਵਿਧਾਨ ਸਭਾ ਹਲਕੇ ਵਿੱਚ ਦਾਖਲ ਹੋਈ। ਯਾਤਰਾ ਦੌਰਾਨ, ਖਰੜ ਦੇ ਰਾਮ ਮੰਦਰ, ਡੇਰਾਬੱਸੀ ਦੇ ਦੁਸਹਿਰਾ ਗਰਾਊਂਡ ਅਤੇ ਨਯਾਗਾਓਂ ਦੇ ਮੁੱਖ ਬਾਜ਼ਾਰ ਵਿੱਚ ਜਨਤਕ ਮੀਟਿੰਗਾਂ ਕੀਤੀਆਂ ਗਈਆਂ, ਜਿੱਥੇ ਹਜ਼ਾਰਾਂ ਭਾਜਪਾ ਵਰਕਰਾਂ ਅਤੇ ਜਨਤਾ ਨੇ ਹਿੱਸਾ ਲਿਆ। ਇਸ ਯਾਤਰਾ ਦਾ ਉਦੇਸ਼ ਰਾਜ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਤੱਕ ਪਹੁੰਚਣਾ ਹੈ। ਐਡਵੋਕੇਟ ਐਨ.ਕੇ. ਮੋਹਾਲੀ ਜ਼ਿਲ੍ਹੇ ਵਿੱਚ 'ਨਸ਼ਾ ਮੁਕਤ ਪੰਜਾਬ ਯਾਤਰਾ' ਦੇ ਇੰਚਾਰਜ ਵਰਮਾ ਨੇ ਖਰੜ ਵਿਧਾਨ ਸਭਾ ਹਲਕੇ ਵਿੱਚ ਜਨਤਕ ਮੀਟਿੰਗਾਂ ਨੂੰ ਸਫਲ ਬਣਾਉਣ ਲਈ ਵਰਕਰਾਂ ਨਾਲ ਵਿਆਪਕ ਤਿਆਰੀਆਂ ਕੀਤੀਆਂ ਅਤੇ ਹਰ ਪਿੰਡ ਅਤੇ ਬਾਜ਼ਾਰ ਵਿੱਚ ਵੱਖ-ਵੱਖ ਸਥਾਨਕ ਮੀਟਿੰਗਾਂ ਦਾ ਆਯੋਜਨ ਕੀਤਾ। ਪੰਜਾਬ ਲੀਗਲ ਸੈੱਲ ਦੇ ਕਨਵੀਨਰ ਅਤੇ ਇੰਚਾਰਜ ਐਡਵੋਕੇਟ ਐਨ.ਕੇ. ਵਰਮਾ ਨੇ ਖਰੜ ਵਿਧਾਨ ਸਭਾ ਹਲਕੇ ਵਿੱਚ ਯਾਤਰਾ ਦੌਰਾਨ ਆਯੋਜਿਤ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ। ਵਰਮਾ, ਦਿੱਲੀ ਦੇ ਗ੍ਰਹਿ ਮੰਤਰੀ ਅਸ਼ੀਸ਼ ਸੂਦ, ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ, ਪਰਮਿੰਦਰ ਸਿੰਘ ਬਰਾੜ, ਪੰਜਾਬ ਰਾਜ ਉਪ ਪ੍ਰਧਾਨ ਡਾ. ਸੁਭਾਸ਼ ਸ਼ਰਮਾ, ਪੰਜਾਬ ਰਾਜ ਉਪ ਪ੍ਰਧਾਨ ਰਣਜੀਤ ਗਿੱਲ, ਪੰਜਾਬ ਭਾਜਪਾ ਸਕੱਤਰ ਰਾਕੇਸ਼ ਸ਼ਰਮਾ, ਸ਼੍ਰੀਮਤੀ ਮੀਨੂ ਸੇਠੀ, ਸਹਿ-ਖਜ਼ਾਨਚੀ ਸੁਖਵਿੰਦਰ ਸਿੰਘ ਗੋਲਡੀ, ਜ਼ਿਲ੍ਹਾ ਮੋਹਾਲੀ ਪ੍ਰਧਾਨ ਸੰਜੀਵ ਵਸ਼ਿਸ਼ਟ, ਯਸ਼ਵੰਤ ਰਾਏ ਗਿੱਗਾ, ਖਰੜ ਵਿਧਾਨ ਸਭਾ ਹਲਕਾ ਨਸ਼ਾ ਮੁਕਤ ਯਾਤਰਾ ਇੰਚਾਰਜ ਹਰਮੇਸ਼ ਨੱਟੂ, ਉਤਰਾਖੰਡ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਗਣੇਸ਼ ਬਡਥਵਾਲ, ਜਗਸ਼ੇਰ ਸਿੰਘ ਜੱਗਾ ਅਤੇ ਗੌਤਮ ਪੰਵਾਰ ਸਮੇਤ ਕਈ ਸੀਨੀਅਰ ਪਾਰਟੀ ਆਗੂ ਅਤੇ ਹਜ਼ਾਰਾਂ ਪਾਰਟੀ ਵਰਕਰ ਮੌਜੂਦ ਸਨ।

ਫੋਰਟਿਸ ਹਸਪਤਾਲ ਜਲੰਧਰ ਨੇ 111 ਸਫਲ ਸਟੇਮੀ ਸਟੈਮੀ ਇੰਟਰਵੈਂਸ਼ਨਾਂ ਦੇ ਨਾਲ ਇੱਕ ਵੱਡੀ ਉਪਲਬਧੀ ਹਾਸਲ ਕੀਤੀ

ਜਲੰਧਰ, 22 ਸਤੰਬਰ (ਬਿਊਰੋ) : ਫੋਰਟਿਸ ਹਸਪਤਾਲ ਜਲੰਧਰ ਨੇ ਅੱਜ ਗੰਭੀਰ ਹਾਰਟ ਅਟੈਕ, ਜਿਸ ਨੂੰ ਐਸਟੀ-ਐਲੀਵੇਸ਼ਨ ਮਾਇਓਕਾਰਡੀਅਲ ਇਨਫਾਰਕਸ਼ਨ (ਸਟੇਮੀ STEMI) ਕਿਹਾ ਜਾਂਦਾ ਹੈ, ਦੌਰਾਨ ਤੇਜ਼ੀ ਨਾਲ ਇਲਾਜ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਆਪਣੇ ਮਜ਼ਬੂਤ ਐਮਰਜੈਂਸੀ ਰਿਸਪਾਂਸ ਨੂੰ ਦਰਸਾਉਂਦੇ ਹੋਏ, ਫੋਰਟਿਸ ਹਸਪਤਾਲ ਜਲੰਧਰ ਨੇ ਦੱਸਿਆ ਕਿ ਨਵੰਬਰ 2025 ਤੋਂ ਹੁਣ ਤੱਕ 111 ਸਟੇਮੀ ਮਾਮਲਿਆਂ ਦਾ ਸਫਲ ਇਲਾਜ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 91 ਪ੍ਰਾਇਮਰੀ ਐਂਜੀਓਪਲਾਸਟੀ (ਦਿਲ ਦੀਆਂ ਬੰਦ ਧਮਨੀਆਂ ਨੂੰ ਖੋਲ੍ਹਣ ਦੀਆਂ ਐਮਰਜੈਂਸੀ ਪ੍ਰੋਸੀਜਰਾਂ) ਅਤੇ 19 ਥ੍ਰੋਮਬੋਲਾਇਸਿਸ (ਕਲੌਟ-ਘੁਲਣ ਵਾਲੀਆਂ) ਪ੍ਰੋਸੀਜਰਾਂ ਸ਼ਾਮਲ ਹਨ। ਦਿਲ ਨੂੰ ਹੋਣ ਵਾਲੇ ਨੁਕਸਾਨ ਨੂੰ ਸੀਮਤ ਕਰਨ ਲਈ ਖੂਨ ਦੇ ਵਹਾਅ ਨੂੰ ਤੇਜ਼ੀ ਨਾਲ ਬਹਾਲ ਕਰਨਾ ਬਹੁਤ ਜ਼ਰੂਰੀ ਹੈ। ਡਾਕਟਰਾਂ ਦੀ ਟੀਮ ਦੀ ਅਗਵਾਈ ਡਾ. ਵੀ.ਪੀ. ਸ਼ਰਮਾ, ਸੀਨੀਅਰ ਡਾਇਰੈਕਟਰ ਅਤੇ ਐਚਓਡੀ, ਕਾਰਡੀਓਲੋਜੀ, ਫੋਰਟਿਸ ਹਸਪਤਾਲ ਜਲੰਧਰ ਕਰ ਰਹੇ ਹਨ। ਸਟੇਮੀ ਉਦੋਂ ਹੁੰਦਾ ਹੈ ਜਦੋਂ ਕੋਰੋਨਰੀ ਧਮਨੀ ਪੂਰੀ ਤਰ੍ਹਾਂ ਬੰਦ ਹੋ ਜਾਂਦੀ ਹੈ, ਜਿਸ ਨਾਲ ਦਿਲ ਦੀਆਂ ਮਾਸਪੇਸ਼ੀਆਂ ਤੱਕ ਖੂਨ ਦੀ ਸਪਲਾਈ ਰੁਕ ਜਾਂਦੀ ਹੈ। ਇਹ ਆਮ ਤੌਰ 'ਤੇ ਧਮਨੀ ਦੀ ਕੰਧ ਵਿੱਚ ਜਮ੍ਹਾ ਫੈਟੀ ਪਲਾਕ ਦੇ ਫਟਣ ਨਾਲ ਹੁੰਦਾ ਹੈ, ਜਿਸ ਨਾਲ ਖੂਨ ਦਾ ਥੱਕਾ (ਕਲੌਟ) ਬਣ ਜਾਂਦਾ ਹੈ ਅਤੇ ਧਮਨੀ ਬੰਦ ਹੋ ਜਾਂਦੀ ਹੈ। ਜੋਖਮ ਦੇ ਕਾਰਕਾਂ ਵਿੱਚ ਹਾਈ ਬਲੱਡ ਪ੍ਰੈਸ਼ਰ, ਡਾਇਬਟੀਜ਼, ਹਾਈ ਕੋਲੈਸਟਰੋਲ, ਸਿਗਰਟਨੋਸ਼ੀ, ਮੋਟਾਪਾ, ਆਰਾਮਤਲਬ ਜੀਵਨਸ਼ੈਲੀ ਅਤੇ ਦਿਲ ਦੀ ਬਿਮਾਰੀ ਦਾ ਪਰਿਵਾਰਕ ਇਤਿਹਾਸ ਸ਼ਾਮਲ ਹਨ। ਕਾਰਡਿਅਕ ਮਾਹਿਰਾਂ ਦੀ ਟੀਮ ਵਿੱਚ ਫੋਰਟਿਸ ਹਸਪਤਾਲ ਜਲੰਧਰ ਦੇ ਕਾਰਡੀਓਲੋਜੀ ਦੇ ਸੀਨੀਅਰ ਡਾਇਰੈਕਟਰ ਅਤੇ ਐਚਓਡੀ ਡਾ. ਵੀ.ਪੀ. ਸ਼ਰਮਾ ਦੇ ਨਾਲ-ਨਾਲ ਡਾ. ਅੰਕਿਤ ਮਹਾਜਨ, ਸੀਨੀਅਰ ਕੰਸਲਟੈਂਟ, ਕਾਰਡੀਓਲੋਜੀ; ਡਾ. ਭੂਪਿੰਦਰ ਕੁਮਾਰ, ਸੀਨੀਅਰ ਕੰਸਲਟੈਂਟ ਕਾਰਡੀਓਲੋਜੀ; ਕਾਰਡਿਅਕ ਐਨੇਸਥੇਟਿਸਟ ਅਤੇ ਸੀਨੀਅਰ ਕੰਸਲਟੈਂਟ ਡਾ. ਸ਼ੀਤਲ ਗਰਗ; ਅਤੇ ਡਾ. ਯਸ਼ਸਵੀ ਸ਼ਰਮਾ, ਕੰਸਲਟੈਂਟ, ਕਾਰਡੀਓ ਥੋਰੇਸਿਕ ਵੈਸਕੁਲਰ ਸਰਜਰੀ ਸ਼ਾਮਲ ਹਨ।

ਸਫ਼ਾ ਇੱਕ ਦੀਆਂ ਬਾਕੀ...

ਪ੍ਰਧਾਨ ਮੰਤਰੀ ਮੋਦੀ ਦੀ.....

ਹੀ ਲੋਕ ਸਭਾ ਦੀਆਂ ਸੀਟਾਂ ਨੂੰ 543 ਤੋਂ ਵਧਾ ਕੇ ਲਗਭਗ 850 ਕਰਨ, 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਹਲਕਾਬੰਦੀ ਕਰਨ ਅਤੇ ਰਾਖਵਾਂਕਰਨ ਲਾਗੂ ਕਰਨ ਲਈ ਪ੍ਰਬੰਧ ਕੀਤੇ ਜਾਣੇ ਸਨ। ਨੌਜਵਾਨ ਅਤੇ ਰੁਜ਼ਗਾਰ: ਨੌਜਵਾਨ ਰੁਜ਼ਗਾਰ ਬਾਰੇ ਕੀ ਸੋਚਦੇ ਹਨ ? ਉਹ ਕਿਸ ਹੱਦ ਤੱਕ ਸੰਤੁਸ਼ਟ ਜਾਂ ਅਸੰਤੁਸ਼ਟ ਹਨ ? ਪ੍ਰਧਾਨ ਮੰਤਰੀ ਮੋਦੀ ਨੇ ਸਭ ਤੋਂ ਪਹਿਲਾਂ 76ਵੇਂ ਸੁਤੰਤਰਤਾ ਦਿਵਸ (15 ਅਗਸਤ, 2022) 'ਤੇ ਲਾਲ ਕਿਲ੍ਹੇ ਤੋਂ 'ਵਿਕਸਿਤ ਭਾਰਤ 2047' ਬਾਰੇ ਗੱਲ ਕੀਤੀ ਸੀ। ਉਨ੍ਹਾਂ ਨੇ ਅਗਲੇ 25 ਸਾਲਾਂ ਵਿੱਚ ਭਾਰਤ ਨੂੰ ਪੂਰੀ ਤਰ੍ਹਾਂ ਵਿਕਸਿਤ ਰਾਸ਼ਟਰ ਬਣਾਉਣ ਦਾ ਸੰਕਲਪ ਲਿਆ ਸੀ। ਇਸ ਤੋਂ ਪਹਿਲਾਂ, 2021 ਵਿੱਚ, ਸੀਨੀਅਰ ਅਧਿਕਾਰੀਆਂ ਦੀਆਂ ਦਸ ਟੀਮਾਂ ਦਾ ਗਠਨ ਕੀਤਾ ਗਿਆ ਸੀ। ਇਨ੍ਹਾਂ ਟੀਮਾਂ ਦੁਆਰਾ ਦੇਸ਼ ਦੇ ਵਿਕਾਸ ਬਾਰੇ ਇਕੱਤਰ ਕੀਤੇ ਗਏ ਅੰਕੜਿਆਂ ਦੇ ਆਧਾਰ 'ਤੇ ਮੀਟਿੰਗ ਦੌਰਾਨ ਭਵਿੱਖ ਦੀਆਂ ਰਣਨੀਤੀਆਂ ਤਿਆਰ ਕੀਤੀਆਂ ਜਾਣਗੀਆਂ। ਮੀਡੀਆ ਰਿਪੋਰਟਾਂ ਅਨੁਸਾਰ, ਸਕੱਤਰਾਂ ਦੇ ਸਮੂਹਾਂ, ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ, ਕੈਬਨਿਟ ਸਕੱਤਰੇਤ ਅਤੇ ਨੀਤੀ ਆਯੋਗ ਦੁਆਰਾ ਕੀਤੇ ਗਏ ਕੰਮ ਨੂੰ ਇਸ ਵਰਕਸ਼ਾਪ ਵਿੱਚ ਇਕੱਠਾ ਕੀਤਾ ਜਾਵੇਗਾ।

ਲਾਡਵਾ ਵਿਖੇ ਸੀ.ਆਈ.ਆਈ. ਦੇ.....

ਢੁਕਵੀਆਂ ਫਸਲਾਂ ਦੀ ਕਾਸ਼ਤ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਿਆ ਜਾਣਾ ਚਾਹੀਦਾ ਹੈ। ਉਨ੍ਹਾਂ ਉਦਯੋਗਾਂ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਨੂੰ ਗੁਣਵੱਤਾ ਅਤੇ ਖੁਰਾਕ ਸੁਰੱਖਿਆ ਮਾਪਦੰਡਾਂ ਬਾਰੇ ਸਿਖਲਾਈ ਦੇ ਕੇ ਅਤੇ ਬਿਹਤਰ ਮੰਡੀਆਂ ਨਾਲ ਜੁੜਨ ਵਿੱਚ ਮਦਦ ਕਰਕੇ ਉਨ੍ਹਾਂ ਦਾ ਸਹਿਯੋਗ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਲਈ ਕਿਸਾਨਾਂ ਦੀ ਭਲਾਈ ਇੱਕ ਪ੍ਰਮੁੱਖ ਤਰਜੀਹ ਹੈ। ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ, ਸਿੰਚਾਈ ਸਹੂਲਤਾਂ ਦਾ ਵਿਸਥਾਰ ਕਰਨ, ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ, ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਅਤੇ ਖੇਤੀਬਾੜੀ ਵਿੱਚ ਤਕਨਾਲੋਜੀ ਨੂੰ ਸ਼ਾਮਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੇ ਗਏ ਪੋਰਟਲ 'ਤੇ ਲਗਭਗ 2,00,000 ਕਿਸਾਨਾਂ ਨੇ 3,00,000 ਏਕੜ ਜ਼ਮੀਨ ਰਜਿਸਟਰਡ ਕਰਵਾਈ ਹੈ। ਇਨ੍ਹਾਂ ਵਿੱਚੋਂ, 23,930 ਕਿਸਾਨਾਂ ਦੀ 44,000 ਏਕੜ ਜ਼ਮੀਨ 'ਤੇ ਕੁਦਰਤੀ ਖੇਤੀ ਅਪਣਾਉਣ ਲਈ ਤਸਦੀਕ ਕੀਤੀ ਗਈ ਹੈ। ਸਾਲ 2025-26 ਵਿੱਚ, ਰਾਜ ਵਿੱਚ 20,727 ਏਕੜ ਰਕਬੇ 'ਤੇ ਕੁਦਰਤੀ ਖੇਤੀ ਕੀਤੀ ਗਈ ਸੀ। ਮੁੱਖ ਮੰਤਰੀ ਨੇ ਦੱਸਿਆ ਕਿ 'ਪ੍ਰਧਾਨ ਮੰਤਰੀ ਕੁਸੁਮ ਯੋਜਨਾ' ਤਹਿਤ ਸੋਲਰ ਪੰਪ ਲਗਾਉਣ ਲਈ ਕਿਸਾਨਾਂ ਨੂੰ 75 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ ਅਤੇ ਹੁਣ ਤੱਕ 1,95,000 ਸੋਲਰ ਪੰਪ ਲਗਾਏ ਜਾ ਚੁੱਕੇ ਹਨ। ਇਸ ਵਿਧੀ ਨਾਲ ਕਿਸਾਨਾਂ ਨੂੰ ਲਗਭਗ 15,000 ਰੁਪਏ ਪ੍ਰਤੀ ਏਕੜ ਦਾ ਲਾਭ ਹੋ ਸਕਦਾ ਹੈ—ਜਿਸ ਵਿੱਚ 10,000 ਰੁਪਏ ਪ੍ਰਤੀ ਏਕੜ ਦੀ ਲਾਗਤ ਦੀ ਬੱਚਤ ਅਤੇ 4,000 ਤੋਂ 5,000 ਰੁਪਏ ਪ੍ਰਤੀ ਏਕੜ ਦੀ ਸਰਕਾਰੀ ਸਹਾਇਤਾ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿੱਧੀ ਬਿਜਾਈ ਨਾਲ ਪਾਣੀ ਦੀ ਵੀ ਬੱਚਤ ਹੁੰਦੀ ਹੈ। ਚਿੰਤਾ ਜ਼ਾਹਰ ਕਰਦਿਆਂ ਸ਼੍ਰੀ ਰਾਣਾ ਨੇ ਕਿਹਾ ਕਿ ਵਰਤਮਾਨ ਸਮੇਂ ਪਾਣੀ, ਮਿੱਟੀ ਅਤੇ ਹਵਾ ਦਾ ਸੰਤੁਲਨ ਵਿਗੜ ਰਿਹਾ ਹੈ ਅਤੇ ਮਿੱਟੀ ਦੀ ਸਿਹਤ ਖਰਾਬ ਹੋ ਰਹੀ ਹੈ; ਇਸ ਲਈ, ਸਾਨੂੰ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਸਥਾਪਤ ਕਰਨ ਲਈ ਵਧੇਰੇ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ ਇਸ ਮੌਕੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਸੀ.ਆਈ.ਆਈ. ਹਰਿਆਣਾ ਦੇ ਚੇਅਰਮੈਨ ਸ੍ਰੀ ਸਾਕੇਤ ਭਾਟੀਆ, ਹੋਰ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

ਪੰਜਾਬ ਦੇ ਮੁਲਾਜ਼ਮਾਂ ਲਈ.....

ਮੰਤਰੀ ਭਗਵੰਤ ਸਿੰਘ ਮਾਨ ਨੇ ਮੁਲਾਜ਼ਮ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹਿੱਤ ਵਿੱਚ ਢੁਕਵੇਂ ਕਦਮ ਚੁੱਕੇਗੀ। ਇਸ

ਦਸਮੇਸ਼ ਸਕੂਲ ਸਰਦੂਲਗੜ੍ਹ ਨੇ ਜ਼ਿਲ੍ਹੇ ਵਿੱਚੋਂ 172 ਤਮਗੇ ਜਿੱਤ ਕੇ ਰਚਿਆ ਇਤਿਹਾਸ

ਸਰਦੂਲਗੜ੍ਹ, 23 ਸਤੰਬਰ (ਧਰਮ ਚੰਦ ਸਿੰਗਲਾ): ਦਸਮੇਸ਼ ਕਾਨਵੈਂਟ ਸਕੂਲ ਅਤੇ ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਦੇ ਖਿਡਾਰੀਆਂ ਨੇ 70ਵੀਆਂ ਜ਼ਿਲ੍ਹਾ ਪੱਧਰੀ ਸਕੂਲੀ ਖੇਡਾਂ ਵਿੱਚ ਸਰਦੂਲਗੜ੍ਹ ਜ਼ੋਨ ਵੱਲੋਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 63 ਸੋਨ, 62 ਚਾਂਦੀ ਅਤੇ 47 ਕਾਂਸੀ ਦੇ ਤਗਮਿਆਂ ਸਮੇਤ ਕੁੱਲ 172 ਤਗਮੇ ਜਿੱਤ ਕੇ ਜ਼ਿਲ੍ਹੇ ਵਿੱਚੋਂ ਸਭ ਤੋਂ ਵੱਧ ਤਗਮੇ ਜਿੱਤਣ ਦਾ ਮਾਣ ਹਾਸਲ ਕੀਤਾ। ਇਸ ਦੇ ਨਾਲ ਹੀ 150 ਖਿਡਾਰੀਆਂ ਦੀ ਪੰਜਾਬ ਸਟੇਟ ਪੱਧਰੀ ਖੇਡਾਂ ਲਈ ਚੋਣ ਹੋਈ ਹੈ, ਜੋ ਸਰਦੂਲਗੜ੍ਹ ਇਲਾਕੇ ਲਈ ਮਾਣ ਵਾਲੀ ਗੱਲ ਹੈ।ਮਾਰਸ਼ਲ ਆਰਟਸ ਤੋਂ ਇਲਾਵਾ ਗੁਰੱਪ ਖੇਡਾਂ ਵਾਲੀਬਾਲ, ਰੱਸਾ-ਕੱਸੀ, ਬੈਡਮਿੰਟਨ, ਗਤਕਾ, ਹੈਂਡਬਾਲ, ਤੈਰਾਕੀ ਆਦਿ ਵਿੱਚ ਵੀ ਦਸਮੇਸ਼ੀਅਨ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਡਰ-14, 17 ਅਤੇ 19 ਲੜਕੇ-ਲੜਕੀਆਂ ਦੀਆਂ ਹੈਂਡਬਾਲ ਟੀਮਾਂ ਨੇ ਮਾਨਸਾ ਵਿਖੇ ਫਾਈਨਲ ਮੁਕਾਬਲੇ ਜਿੱਤ ਕੇ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ 5 ਸੋਨ ਅਤੇ 1 ਚਾਂਦੀ ਦਾ ਤਗਮਾ ਜਿੱਤਿਆ ਗਿਆ ਅਤੇ 13 ਖਿਡਾਰੀਆਂ ਦੀ ਸਟੇਟ ਪੱਧਰੀ ਖੇਡਾਂ ਲਈ ਚੋਣ ਹੋਈ। ਗਤਕਾ ਅੰਡਰ-19 ਲੜਕੇ-ਲੜਕੀਆਂ ਦੀਆਂ ਟੀਮਾਂ ਨੇ ਫਰੀਦਕੋਟ ਵਿਖੇ 3 ਸੋਨ ਅਤੇ 3 ਚਾਂਦੀ ਦੇ ਤਗਮੇ ਜਿੱਤੇ, ਜਦਕਿ ਅੰਡਰ-14 ਅਤੇ ਅੰਡਰ-17 ਲੜਕਿਆਂ ਨੇ 4 ਚਾਂਦੀ ਦੇ ਤਗਮੇ ਜਿੱਤ ਕੇ 9 ਖਿਡਾਰੀਆਂ ਦੀ ਸਟੇਟ ਪੱਧਰੀ ਚੋਣ ਕਰਵਾਈ। ਵਾਲੀਬਾਲ ਅੰਡਰ-19 ਲੜਕੀਆਂ ਨੇ ਜ਼ਿਲ੍ਹੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦਾ ਤਗਮਾ ਹਾਸਲ ਕੀਤਾ। ਫੁੱਟਬਾਲ ਅੰਡਰ-17 ਅਤੇ ਅੰਡਰ-19 ਲੜਕੇ-ਲੜਕੀਆਂ ਨੇ ਵੀ 2 ਚਾਂਦੀ ਦੇ ਤਗਮੇ ਜਿੱਤੇ। ਕੁਸ਼ਤੀ ਮੁਕਾਬਲਿਆਂ ਵਿੱਚ ਅੰਡਰ-17 ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕਰਦਿਆਂ 2 ਸੋਨ ਤਗਮੇ ਜਿੱਤੇ ਅਤੇ ਦੋਵਾਂ ਖਿਡਾਰੀਆਂ ਦੀ ਸਟੇਟ ਪੱਧਰੀ ਖੇਡਾਂ ਲਈ ਚੋਣ ਹੋਈ। ਇਸੇ ਤਰ੍ਹਾਂ ਅੰਡਰ-19 ਲੜਕੀਆਂ ਦੀ ਰੱਸਾ-ਕੱਸੀ ਟੀਮ ਨੇ ਪਹਿਲਾ ਸਥਾਨ ਹਾਸਲ ਕਰਦਿਆਂ ਸੋਨ ਤਗਮਾ ਜਿੱਤਿਆ ਅਤੇ 10 ਖਿਡਾਰੀਆਂ ਦੀ ਸਟੇਟ ਲਈ ਚੋਣ ਹੋਈ ਬੈਡਮਿੰਟਨ ਅੰਡਰ-14 ਅਤੇ ਅੰਡਰ-19 ਲੜਕੇ-ਲੜਕੀਆਂ ਨੇ 1 ਸੋਨ, 2 ਚਾਂਦੀ ਅਤੇ 1 ਕਾਂਸੀ ਦਾ ਤਗਮਾ ਜਿੱਤਿਆ ਅਤੇ 6 ਖਿਡਾਰੀਆਂ ਦੀ ਸਟੇਟ ਪੱਧਰੀ ਖੇਡਾਂ ਲਈ ਚੋਣ ਹੋਈ। ਯੋਗਾ ਅੰਡਰ-19 ਲੜਕੀਆਂ ਨੇ 2 ਚਾਂਦੀ ਦੇ ਤਗਮੇ ਜਿੱਤੇ, ਜਦਕਿ ਸਕੇਟਿੰਗ ਅੰਡਰ-14 ਲੜਕੇ-ਲੜਕੀਆਂ ਨੇ 1 ਸੋਨ ਅਤੇ 3 ਚਾਂਦੀ ਦੇ ਤਗਮੇ ਜਿੱਤੇ। ਮਾਰਸ਼ਲ ਆਰਟਸ ਦੀਆਂ ਖੇਡਾਂ ਜੂਡੋ, ਕਰਾਟੇ, ਕੋਰਾਸ਼ ਅਤੇ ਤਾਈਕਵਾਂਡੋ ਵਿੱਚ ਦਸਮੇਸ਼ੀਅਨ ਖਿਡਾਰੀਆਂ ਨੇ 42 ਸੋਨ, 44 ਚਾਂਦੀ ਅਤੇ 35 ਕਾਂਸੀ ਦੇ ਤਗਮੇ ਜਿੱਤਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਤੈਰਾਕੀ ਦੇ ਖਿਡਾਰੀਆਂ ਨੇ 5 ਸੋਨ, 3 ਚਾਂਦੀ ਅਤੇ 10 ਕਾਂਸੀ ਸਮੇਤ ਕੁੱਲ 19 ਤਗਮੇ ਜਿੱਤੇ ਅਤੇ 8 ਖਿਡਾਰੀਆਂ ਦੀ ਸਟੇਟ ਪੱਧਰੀ ਖੇਡਾਂ ਲਈ ਚੋਣ ਹੋਈ। ਇਸ ਮੌਕੇ ਵੱਖ-ਵੱਖ ਖੇਡਾਂ ਦੇ ਕੋਚ ਡੀ.ਪੀ.ਈ. ਮਨਦੀਪ ਸਿੰਘ, ਗੁਰਸੇਵਕ ਸਿੰਘ, ਗੁਰਜੀਤ ਸਿੰਘ, ਅਮਨਦੀਪ ਸਿੰਘ, ਰਮਨਦੀਪ ਸਿੰਘ ਸਮੇਤ ਸਕੂਲ ਦਾ ਸਮੂਹ ਸਟਾਫ਼ ਮੌਜੂਦ ਸੀ।

ਸਨਮਤੀ ਵਿਮਲ ਜੈਨ ਪਬਲਿਕ ਸਕੂਲ ਦਾ ਜ਼ੋਨਲ ਐਥਲੈਟਿਕਸ 'ਚ ਦਬਦਬਾ: ਕ੍ਰਾਸ ਕੰਟਰੀ ਸਮੇਤ ਜਿੱਤੇ ਕੁੱਲ 31 ਮੈਡਲ

ਜਗਰਾਓਂ, 23 ਸਤੰਬਰ (ਦੇਸ਼ ਪ੍ਰਦੇਸ਼ ਬਿਊਰੋ): ਪਿਛਲੇ ਦਿਨੀਂ ਕਲਗੀਧਰ ਖੇਡ ਸਟੇਡੀਅਮ ਕਮਾਲਪੁਰਾ ਵਿਖੇ ਆਯੋਜਿਤ ਹੋਈ ਜ਼ੋਨਲ ਐਥਲੈਟਿਕਸ ਮੀਟ ਵਿੱਚ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਜਗਰਾਓਂ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਿਕਾਰਡ ਮੈਡਲ ਆਪਣੇ ਨਾਮ ਕੀਤੇ। ਸਕੂਲ ਦੇ ਐਥਲੀਟਾਂ ਨੇ ਕ੍ਰਾਸ ਕੰਟਰੀ ਰੇਸ ਵਿੱਚ ਲੜਕੇ ਅਤੇ ਲੜਕੀਆਂ ਦੇ ਕੁੱਲ 6 ਵਿੱਚੋਂ 5 ਮੈਡਲਾਂ 'ਤੇ ਕਬਜ਼ਾ ਕੀਤਾ। ਇਸ ਵਿੱਚ ਲੜਕੀਆਂ (”-19) ਨੇ ਪਹਿਲੀਆਂ ਤਿੰਨੋਂ ਪੁਜੀਸ਼ਨਾਂ ਹਾਸਲ ਕਰਕੇ 'ਕਲੀਨ ਸਵੀਪ' ਕੀਤਾ, ਜਦਕਿ ਲੜਕਿਆਂ ਨੇ 3 ਵਿੱਚੋਂ 2 ਮੈਡਲ ਜਿੱਤ ਕੇ ਕ੍ਰਾਸ ਕੰਟਰੀ 'ਚ ਆਪਣੀ ਝੰਡੀ ਗੱਡੀ। ਓਵਰਆਲ ਐਥਲੈਟਿਕਸ ਮੁਕਾਬਲਿਆਂ ਵਿੱਚ ਵੀ ਸਕੂਲ ਦਾ ਦਬਦਬਾ ਪੂਰੀ ਤਰ੍ਹਾਂ ਕਾਇਮ ਰਿਹਾ। ਲੜਕੀਆਂ ਦੀ ਟੀਮ ਨੇ 5 ਸੋਨੇ, 4 ਚਾਂਦੀ ਅਤੇ 3 ਤਾਂਬੇ ਦੇ ਤਮਗਿਆਂ ਨਾਲ ਕੁੱਲ 11 ਮੈਡਲ ਜਿੱਤੇ। ਦੂਜੇ ਪਾਸੇ, ਲੜਕਿਆਂ ਦੀ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ 8 ਸੋਨੇ, 5 ਚਾਂਦੀ ਅਤੇ 6 ਤਾਂਬੇ ਦੇ ਮੈਡਲਾਂ ਨਾਲ ਕੁੱਲ 19 ਮੈਡਲ ਆਪਣੇ ਨਾਮ ਕੀਤੇ। ਇਸ ਤਰ੍ਹਾਂ ਸਕੂਲ ਨੇ ”-14, ”-17 ਅਤੇ ”-19 (ਲੜਕੇ ਅਤੇ ਲੜਕੀਆਂ) ਦੇ ਵੱਖ-ਵੱਖ ਵਰਗਾਂ ਵਿੱਚ ਕੁੱਲ 13 ਸੋਨੇ, 8 ਚਾਂਦੀ ਅਤੇ 9 ਤਾਂਬੇ ਦੇ ਤਮਗਿਆਂ ਸਮੇਤ ਕੁੱਲ 31 ਮੈਡਲ ਜਿੱਤ ਕੇ ਸਕੂਲ ਦਾ ਨਾਂ ਰੋਸ਼ਨ ਕੀਤਾ। ਇਸ ਸ਼ਾਨਦਾਰ ਜਿੱਤ ਤੋਂ ਬਾਅਦ ਸਕੂਲ ਪਹੁੰਚਣ 'ਤੇ ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਨਾ ਵੱਲੋਂ ਖਿਡਾਰੀਆਂ ਦਾ ਭਰਵਾਂ ਅਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਖਾਸ ਮੌਕੇ 'ਤੇ ਸਰੀਰਕ ਸਿੱਖਿਆ ਵਿਭਾਗ ਦੇ ਡੀ.ਪੀ.ਈ. ਇੰਦਰਜੀਤ ਸਿੰਘ, ਰਘਵੀਰ ਸਿੰਘ, ਪਰਮਜੀਤ ਕੌਰ ਅਤੇ ਬਬੀਤਾ ਕੁਮਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ ।

ਪੰਜਾਬ ਪਬਲਿਕ ਸਕੂਲ, ਨਾਭਾ ਨੂੰ 'ਸਰਵੋਤਮ ਰਿਹਾਇਸ਼ੀ-ਬੋਰਡਿੰਗ ਸਕੂਲ' ਦਾ ਪੁਰਸਕਾਰ ਮਿਲਿਆ

ਨਾਭਾ, 23 ਸਤੰਬਰ (ਰਾਕੇਸ਼ ਜਿੰਦਲ ਸ਼ੁਭਮ ਜਿੰਦਲ): ਪੰਜਾਬ ਪਬਲਿਕ ਸਕੂਲ, ਨਾਭਾ ਨੂੰ 6 ਸਤੰਬਰ 2026 ਨੂੰ ਨਵੀਂ ਦਿੱਲੀ ਵਿਖੇ ਆਯੋਜਿਤ 'ਨੈਸ਼ਨਲ ਸਕੂਲ ਕਨਕਲੇਵ ਐਂਡ ਅਵਾਰਡ ਸਮਾਰੋਹ' ਵਿੱਚ ÷ਸਰਵੋਤਮ ਰਿਹਾਇਸ਼ੀ-ਬੋਰਡਿੰਗ ਸਕੂਲ (ਪੰਜਾਬ ਰਾਜ) – 2026 ਦੇ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਸਕੂਲ ਦੇ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਸਕੂਲ ਵੱਲੋਂ ਇਹ ਸਨਮਾਨ ਪ੍ਰਾਪਤ ਕੀਤਾ। ਸਕੂਲ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਧੰਨਵਾਦ ਪ੍ਰਗਟ ਕਰਦਿਆਂ, ਚੇਅਰਮੈਨ, ਬੋਰਡ ਆਫ਼ ਗਵਰਨਰਜ਼, ਬੋਰਡ ਮੈਂਬਰਾਂ, ਸਟਾਫ਼, ਵਿਦਿਆਰਥੀਆਂ ਅਤੇ ਮਾਪਿਆਂ ਦਾ ਉਨ੍ਹਾਂ ਦੇ ਅਮੁੱਲ ਸਹਿਯੋਗ ਅਤੇ ਯੋਗਦਾਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਪ੍ਰਾਪਤੀ ਦਾ ਸਿਹਰਾ ਸਿੱਖਿਆ ਦੇ ਉੱਚ ਮਿਆਰਾਂ ਅਤੇ ਸਰਵਪੱਖੀ ਵਿਕਾਸ ਨੂੰ ਕਾਇਮ ਰੱਖਣ ਲਈ ਸਮੂੱਚੇ ਪੀਪੀਐਸ ਪਰਿਵਾਰ ਦੇ ਸਾਂਝੇ ਯਤਨਾਂ ਅਤੇ ਵਚਨਬੱਧਤਾ ਨੂੰ ਦਿੱਤਾ।

ਰਿਆਂਸ਼ ਧੀਰ ਨੇ ਚਮਕਾਇਆ ਕੋਟ ਈਸੇ ਖਾਂ ਦਾ ਨਾਮ

ਕੋਟ ਈਸੇ ਖਾਂ, 23 ਸਤੰਬਰ (ਸੰਜੀਵ ਸੂਦ): ਯੂਸੀ ਮਾਸ ਇੰਡੀਆ ਵੱਲੋਂ ਪਿਛਲੇ ਦਿਨੀ ਮੁੰਬਈ ਵਿਖੇ ਹੋਈ ਨੈਸ਼ਨਲ ਪ੍ਰਤੀਯੋਗਿਤ ਸਮਾਜ ਸੇਵੀ ਵਿਜੇ ਕੁਮਾਰ ਧੀਰ ਸਾਬਕਾ ਚੇਅਰਮੈਨ ਦੇ ਪੋਤਰੇ ਅਤੇ ਨਗਰ ਪੰਚਾਇਤ ਦੇ ਪ੍ਰਧਾਨ ਸਚਿਨ ਧੀਰ ਦੇ ਬੇਟੇ ਰਿਆਂਸ਼ ਧੀਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੋਡਿਊਲ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਨੈਸ਼ਨਲ ਪੱਧਰ ਤੇ ਨਾਮ ਚਮਕਾਇਆ। ਆਪਣੇ ਬੇਟੇ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਗੱਲਬਾਤ ਕਰਦਿਆਂ ਸਚਿਨ ਧੀਰ ਅਤੇ ਡਾਕਟਰ ਮਾਲਤੀ ਧੀਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਹਨਾਂ ਦੇ ਬੇਟੇ ਰਿਆਸ ਧੀਰ ਨੇ ਜਿਲੇ ਵਿੱਚ ਵੀ ਵਧੀਆ ਪ੍ਰਦਰਸ਼ਨ ਕੀਤਾ ਸੀ ਤੇ ਉਸ ਤੋਂ ਬਾਅਦ ਪੰਜਾਬ ਪੱਧਰ ਤੇ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਉਹਨਾਂ ਦੱਸਿਆ ਕਿ ਨੈਸ਼ਨਲ ਪੱਧਰ ਤੇ ਹੋਏ ਇਹਨਾਂ ਮੁਕਾਬਲਿਆਂ ਵਿੱਚ ਰਿਆਂਸ਼ ਨੇ 200 ਸਵਾਲਾਂ ਦੇ ਜਵਾਬ ਅੱਠ ਮਿੰਟਾਂ ਵਿੱਚ ਦਿੱਤੇ ਸਨ ਅਤੇ ਪ੍ਰਬੰਧਕਾਂ ਵੱਲੋਂ ਉਸ ਨੂੰ 5000 ਰੁਪਏ ਨਗਦ ਇਨਾਮ ਇੱਕ ਸਾਈਕਲ ਤੇ ਇੱਕ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ ਉਹਨਾਂ ਕਿਹਾ ਕਿ ਅੱਗੇ ਵੀ ਉਹ ਆਪਣੇ ਬੱਚੇ ਨੂੰ ਇਸ ਤਰ੍ਹਾਂ ਦੀ ਪ੍ਰਤਿਯੋਗਿਤਾ ਵਿੱਚ ਹੋਰ ਭਾਗ ਦਵਾਉਣਗੇ ਤਾਂ ਜੋ ਉਹਨਾਂ ਦਾ ਬੱਚਾ ਹੋਰ ਉੱਚੀਆਂ ਬੁਲੰਦੀਆਂ ਨੂੰ ਸਰ ਕਰੇ। ਆਪਣੇ ਬੇਟੇ ਦੀਆਂ ਇਹਨਾਂ ਸ਼ਾਨਦਾਰ ਪ੍ਰਾਪਤੀਆਂ ਲਈ ਸਾਬਕਾ ਚੇਅਰਮੈਨ ਵਿਜੇ ਕੁਮਾਰ ਧੀਰ ਨੇ ਵੀ ਰਿਆਂਸ਼ ਧੀਰ ਨੂੰ ਅਸ਼ੀਰਵਾਦ ਤੇ ਸ਼ੁਭਕਾਮਨਾਵਾਂ ਦਿੱਤੀਆਂ ।

ਸੁੱਖੇਵਾਲ ਦਾ ਤਿੰਨ ਰੋਜਾ ਖੇਡ ਮੇਲਾ ਸਾਪੰਨ-ਨਾਮੀ ਪਹਿਲਵਾਨਾਂ ਤੇ ਕਬੱਡੀ ਖਿਡਾਰੀਆ ਨੇ ਕੀਤੀ ਸਿਰਕਤ ਦਿਖਾਏ ਜੌਹਰ

ਨਾਭਾ, 23 ਸਤੰਬਰ (ਰਾਕੇਸ਼ ਜਿੰਦਲ ਸ਼ੁਭਮ ਜਿੰਦਲ): ਨਾਭਾ ਹਲਕੇ ਦੇ ਪਿੰਡ ਸੁੱਖੇਵਾਲ ਵਿਖੇ ਹਰ ਸਾਲ ਦੀ ਤਰਾਂ ਗੁੱਗਾ ਨੌਮੀ ਸ਼ਪੋਰਟਸ ਐਂਡ ਵੇਲਫੈਅਰ ਸੋਸਾਇਟੀ ਤੇ ਗਰਾਮ ਪੰਚਾਇਤ ਵਲੋ ਐਸ ਸੀ ਵਿੰਗ ਪੰਜਾਬ ਕਾਗਰਸ ਦੇ ਜਨਰਲ ਸਕੱਤਰ ਕੁਲਵਿੰਦਰ ਸਿੰਘ ਸੁੱਖੇਵਾਲ ਦੀ ਅਗਵਾਈ ਚ ਕਰਵਾਇਆ ਗਿਆ ਤਿੰਨ ਰੋਜਾ ਵਿਸ਼ਾ ਲ ਖੇਡ ਮੇਲਾ ਸਾਨੋ ਸੌਕਤ ਨਾਲ ਸਮਾਪਤ ਹੋਇਆ ਜਿਸ ਵਿੱਚ ਪਹਿਲੇ ਦੋ ਦਿਨ ਦੇਸ ਵਿਦੇਸ ਦੀਆ ਨਾਮੀ ਟੀਮਾ ਨੇ ਭਾਗ ਲਿਆ ਵੱਡੇ ਨਕਦ ਇਨਾਮ ਜਿੱਤੇ ਅਖੀਰਲੇ ਦਿਨ ਵਿਸਾਲ ਕੁਸਤੀ ਦੰਗਲ ਚ ਵੀ ਨਾਮੀ ਪਹਿਲਵਾਨਾਂ ਨੇ ਅਪਣੇ ਜੌਹਰ ਦਿਖਾਏ ਜਿਸ ਵਿੱਚ ਪਹਿਲੀ ਝੰਡੀ ਦੀ ਕੁਸਤੀ ਕਾਤੀਆ ਮਹਾਰਸਟਰਾ ਪਹਿਲਵਾਨ ਨੇ ਰਵੀ ਰੋਣੀ ਨੂੰ ਹਰਾ ਕੇ ਜਿੱਤੀ ਤੇ ਦੂਜੀ ਝੰਡੀ ਤੇ ਬਿੰਦਰ ਹਿਆਣਾ ਨੇ ਸੀਰਾ ਆਲਮਗੀਰ ਨੂੰ ਹਰਾ ਕੇ ਕਬਜਾ ਕੀਤਾ ਤੇਇਸ ਖੇਡ ਮੇਲੇ ਚ ਬੈਸਟ ਰੇਡਰ ਦਿਲਵਰ ਜੱਬੋਮਾਜਰਾ ਅਤੇ ਭੁਰਜੀ ਨਿਜਾਮਪੁਰੀ ਨੇ ਬੈਸਟ ਜਾਫੀ ਦਾ ਖਿਤਾਬ ਜਿੱਤਿਆ ਖੇਡ ਮੇਲੇ ਦੇ ਜੇਤੂਆ ਨੂੰ ਅਸੀਰਵਾਦ ਦੇਣ ਲਈ ਮੁੱਖ ਮਹਿਮਾਨ ਤੇ ਤੋਰ ਤੇ ਸੁਧੀਰ ਚੋਧਰੀ ਏ ਆਈ ਸੀ ਸੀ,ਮਨਪ੍ਰੀਤ ਸਿੰਘ ਲੋਟੇ ਐਮ ਡੀ ਕਰਤਾਰ ਕੰਬਾਈਨ ਅਤੇ ਐਮ ਡੀ ਮਲਕੀਤ ਕੰਬਾਈਨ ਚਰਨ ਸਿੰਘ, ਵਿਧਾਇਕ ਦੇਵ ਮਾਨ, ਜਿਲਾ ਪ੍ਰਧਾਨ ਮੈਡਮ ਗੁਰਸ਼ਰਨ ਕੋਰ ਰੰਧਾਵਾ, ਗੋਰਵ ਸੰਧੂ ਕਾਗਸੀ ਆਗੂ ਸਨੋਰ, ਲੱਕੀ ਪੱਖੋ,ਨੇ ਵਿਸੇਸ ਤੋਰ ਤੇ ਸਿਰਕਤ ਕੀਤੀ ਇਸ ਮੋਕੇ ਅਵਤਾਰ ਸਿੰਘ ਨੰਨੜੇ ਸਾਬਕਾ ਸੂਬਾ ਸਕੱਤਰ ਕਾਗਰਸ,ਪਰਮਜੀਤ ਕੌਰ ਬਾਜਵਾ,ਬਾਪੂ ਪਿਆਰਾ ਸਿੰਘ ਨੌਹਰਾ,ਸਰਪੰਚ ਕੋਮਲਜੀਤ ਕੌਰ ਸਰਪੰਚ ਪਤਨੀ ਜੀਵਨ ਸਿੰਘ,ਬਬਨਦੀਪ ਅਭੇਪੁਰ, ਹਰਦੀਪ ਲਾਡੀ ਪੰਚ, ਚਮਕੋਰ ਸਿੰਘ ਜੱਸੀ, ਡਾਕਟਰ ਹਰਜਿੰਦਰ ਸਿੰਘ, ਚਮਕੋਰ ਸਿੰਘ ਨਿੱਕੂ, ਐਡਵੋਕੇਟ ਦਵਿੰਦਰਪਾਲ ਸਿੰਘ,ਨਿਰਮਲ ਸਿੰਘ ਉਂਧਾ,ਧਨਵੰਤ ਸਿੰਘ ਮੈਂਬਰ ਪੰਚਾਇਤ, ਜਗਸੀਰ ਸਿੰਘ ਮੈਂਬਰ ਪੰਚਾਇਤ,ਬਲਜੀਤ ਕੌਰ ਮੈਂਬਰ ਪੰਚਾਇਤ, ਹਰਦੀਪ ਕੌਰ ਮੈਂਬਰ ਪੰਚਾਇਤ, ਜਗਵਿੰਦਰ ਸਿੰਘ ਕੋਹਲੂ ਬਾਬਾ ਗੱਦੀ ਨਸ਼ੀਨ ਰਵੀਦਾਸ ਮੰਦਰ ਸੁੱਖੇਵਾਲ, ਮਾਸਟਰ ਕਰਨੈਲ ਸਿੰਘ ਤੋ ਇਲਾਵਾ ਵੱਡੀ ਗਿਣਤੀ ਚ ਖੇਡ ਪ੍ਰੇਮੀਆ ਨੇ ਖੇਡ ਮੇਲੇ ਦਾ ਅਨੰਦ ਮਾਣਿਆ

ਹੈਂਡਬਾਲ ਵਿੱਚ ਸੂਬਾ ਪੱਧਰ 'ਤੇ ਜੇਤੂ ਰਹੇ ਸ੍ਰੀ ਗੁਰੂ ਰਾਮ ਰਾਏ ਸਕੂਲ ਕੁਰਾਲੀ ਦੇ ਅੰਡਰ-14 ਟੀਮ ਦੇ ਖਿਡਾਰੀ

ਕੁਰਾਲੀ, 23 ਸਤੰਬਰ (ਪ੍ਰਭਦੀਪ ਸਿੰਘ ਸੋਢੀ): ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਕੁਰਾਲੀ ਦੇ ਅੰਡਰ-14 ਉਮਰ ਵਰਗ ਦੇ ਵਿਦਿਆਰਥੀਆਂ ਨੇ ਹੈਂਡਬਾਲ ਦੇ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜੇਤੂ ਰਹਿ ਕੇ ਸਕੂਲ, ਕੁਰਾਲੀ ਅਤੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਨਾਮ ਰੌਸ਼ਨ ਕੀਤਾ ਹੈ। ਤਰਨਤਾਰਨ ਵਿਖੇ ਕਰਵਾਏ ਗਏ ਇਨ੍ਹਾਂ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਜ਼ਿਲ੍ਹਾ ਮੋਹਾਲੀ ਦੀ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਲ ਕੀਤੀ। ਇਸ ਪ੍ਰਾਪਤੀ ਵਿੱਚ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਕੁਰਾਲੀ ਦੇ ਖਿਡਾਰੀਆਂ ਦਾ ਅਹਿਮ ਯੋਗਦਾਨ ਰਿਹਾ। ਸਕੂਲ ਦੇ ਇਨ੍ਹਾਂ ਹੋਣਹਾਰ ਖਿਡਾਰੀਆਂ ਨੇ ਪੂਰੇ ਮੁਕਾਬਲੇ ਦੌਰਾਨ ਆਪਣੀ ਖੇਡ ਪ੍ਰਤਿਭਾ, ਅਨੁਸ਼ਾਸਨ ਅਤੇ ਟੀਮ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਮੋਹਾਲੀ ਵੱਲੋਂ ਕਈ ਦਹਾਕਿਆਂ ਬਾਅਦ ਰਾਜ ਪੱਧਰ 'ਤੇ ਜਿੱਤ ਦਰਜ ਕਰਨਾ ਖੇਡਾਂ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਸ ਜਿੱਤ ਵਿੱਚ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਕੁਰਾਲੀ ਦੇ ਖਿਡਾਰੀਆਂ ਦੀ ਭੂਮਿਕਾ ਨੇ ਸਕੂਲ ਦੀਆਂ ਖੇਡ ਗਤੀਵਿਧੀਆਂ ਅਤੇ ਇੱਥੇ ਦਿੱਤੀ ਜਾ ਰਹੀ ਖੇਡ ਸਿਖਲਾਈ ਨੂੰ ਵੀ ਉਜਾਗਰ ਕੀਤਾ ਹੈ। ਸਕੂਲ ਦੇ ਪੀ.ਟੀ.ਆਈ. ਅਤੇ ਡੀ.ਪੀ. ਹਰਵਿੰਦਰ ਸਿੰਘ ਰਠੌਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਬੱਚਿਆਂ ਨੂੰ ਹੈਂਡਬਾਲ ਦੀ ਵਿਸ਼ੇਸ਼ ਸਿਖਲਾਈ ਦਿੱਤੀ

ਨਿਊ ਆਦਰਸ਼ ਸੀਨੀਅਰ ਸੈਕੈਂਡਰੀ ਸਕੂਲ ਸੜੋਆ ਵਿਖੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ 'ਅੰਤਰਰਾਸ਼ਟਰੀ ਪੰਜਾਬੀ ਦਿਵਸ'

ਬਲਾਚੌਰ 23 ਸਤੰਬਰ (ਤਜਿੰਦਰ ਜੋਤ ਜਸਵਿੰਦਰ ਕੌਰ) ਮਾਂ ਬੋਲੀ ਪੰਜਾਬੀ ਦੇ ਮਾਣ-ਸਤਿਕਾਰ, ਅਮੀਰ ਸੱਭਿਆਚਾਰਕ ਵਿਰਸਤ ਅਤੇ ਇਸ ਦੀ ਅਹਿਮੀਅਤ ਨੂੰ ਉਜਾਗਰ ਕਰਨ ਦੇ ਮਕਸਦ ਨਾਲ ਨਿਊ ਆਦਰਸ਼ ਸੀਨੀਅਰ ਸੈਕੈਂਡਰੀ ਸਕੂਲ, ਸੜੋਆ ਵਿਖੇ 'ਅੰਤਰਰਾਸ਼ਟਰੀ ਪੰਜਾਬੀ ਦਿਵਸ' (ਵਿਸ਼ਵ ਪੰਜਾਬੀ ਦਿਵਸ) ਬੜੀ ਧੂਮਧਾਮ, ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਵਿਸ਼ੇਸ਼ ਸਮਾਗਮ ਦਾ ਮੁੱਖ ਉਦੇਸ਼ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਅਤੇ ਪੰਜਾਬੀ ਵਿਰਾਸਤ ਨਾਲ ਜੋੜਨਾ ਸਮਾਗਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲੈਂਦਿਆਂ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ। ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਦੇ ਇਤਿਹਾਸ, ਇਸ ਦੀ ਮਿਠਾਸ ਅਤੇ ਮਹੱਤਤਾ ਤੇ ਰੋਸ਼ਨੀ ਪਾਉਂਦੇ ਹੋਏ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ ਅਤੇ ਵਿਚਾਰ-ਚਰਚਾ ਵਿੱਚ ਹਿੱਸਾ ਲਿਆ।ਕਵਿਤਾਵਾਂ ਅਤੇ ਸਾਹਿਤਕ ਰਚਨਾਵਾਂ ਬੱਚਿਆਂ ਨੇ ਪੰਜਾਬੀ ਦੇ ਮਹਾਨ ਸਾਹਿਤਕਾਰਾਂ ਅਤੇ ਕਵੀਆਂ ਦੀਆਂ ਸ਼ਾਹਕਾਰ ਰਚਨਾਵਾਂ ਅਤੇ ਸੁੰਦਰ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ, ਜਿਸ ਨੇ ਸਮੁੱਚੇ ਹਾਜ਼ਰੀਨ ਨੂੰ ਕੀਲ ਕੇ ਰੱਖ ਦਿੱਤਾ ਅਤੇ ਖੂਬ ਦਾਦ ਬਟੋਰੀ। ਐਮ.ਡੀ. ਸ੍ਰੀ ਸੰਜੇ ਮਲਹੋਤਰਾ: ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੈਨੇਜਿੰਗ ਡਾਇਰੈਕਟਰ ਸ੍ਰੀ ਸੰਜੇ ਮਲਹੋਤਰਾ ਜੀ ਨੇ ਕਿਹਾ, ਪੰਜਾਬੀ ਸਿਰਫ਼ ਗੱਲਬਾਤ ਦਾ ਜ਼ਰੀਆ ਨਹੀਂ, ਸਗੋਂ ਸਾਡੀ ਮਾਂ ਬੋਲੀ, ਸਾਡੀ ਪਛਾਣ, ਅਣਖ ਅਤੇ ਅਮੀਰ ਵਿਰਾਸਤ ਦੀ ਨਿਸ਼ਾਨੀ ਹੈ। ਸਾਨੂੰ ਆਪਣੀ ਮਾਂ ਬੋਲੀ ਨੂੰ ਪਿਆਰ ਨਾਲ ਬੋਲਣ, ਪੜ੍ਹਨ ਅਤੇ ਲਿਖਣ ਦੇ ਨਾਲ-ਨਾਲ ਇਸ ਦੇ ਅਮੀਰ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ।' ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਿੰਸੀਪਲ ਸ਼੍ਰੀਮਤੀ ਗੀਤਿਕਾ ਚੰਦੇਲ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਗੀਤਿਕਾ ਚੰਦੇਲ ਜੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, ਪੰਜਾਬੀ ਭਾਸ਼ਾ ਸਾਡੇ ਅਮੀਰ ਸੱਭਿਆਚਾਰ, ਸਾਹਿਤ ਅਤੇ ਵਿਰਸੇ ਦੀ ਰੂਹ ਹੈ। ਅੱਜ ਦੇ ਆਧੁਨਿਕ ਅਤੇ ਗਲੋਬਲ ਯੁੱਗ ਵਿੱਚ ਹੋਰਨਾਂ ਭਾਸ਼ਾਵਾਂ ਦਾ ਗਿਆਨ ਹਾਸਲ ਕਰਨਾ ਜ਼ਰੂਰੀ ਹੈ, ਪਰ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਅਤੇ ਸਤਿਕਾਰ ਕਦੇ ਘੱਟ ਨਹੀਂ ਹੋਣਾ ਚਾਹੀਦਾ।' ਉਨ੍ਹਾਂ ਬੱਚਿਆਂ ਨੂੰ ਰੋਜ਼ਾਨਾ ਜੀਵਨ ਵਿੱਚ ਪੰਜਾਬੀ ਦੀ ਵਰਤੋਂ ਕਰਨ ਲਈ ਪ੍ਰੇਰਿਤ ਸਮਾਗਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਵੱਖ-ਵੱਖ ਗਤੀਵਿਧੀਆਂ ਅਤੇ ਪੇਸ਼ਕਾਰੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਹੌਸਲਾ ਅਫ਼ਜ਼ਾਈ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮੌਜੂਦ ਸਟਾਫ਼ ਮੈਂਬਰਾਂ ਵਿੱਚ ਧਰਮਿੰਦਰ ਸਿੰਘ, ਪਰਵੀਨ ਕੌਸ਼ਲ, ਜੋਗੀਤਾ ਸ਼ਰਮਾ, ਸੰਦੀਪ ਕੌਰ, ਸੁਨੀਤਾ ਸ਼ਰਮਾ, ਹਰਦੀਪ ਕੁਮਾਰ, ਅਨੀਤਾ ਧੀਮਾਨ, ਰਾਜਕੁਮਾਰੀ, ਸਪਨਾ, ਜੋਗਿੰਦਰ ਪਾਲ, ਸੁਖਪਾਲ, ਕੁਲਵਿੰਦਰ ਕੌਰ, ਸੀਮਾ, ਰੀਨੂੰ, ਸੀਮਾ ਸ਼ਰਮਾ, ਗੁਰਦੀਪ ਕੌਰ, ਪੂਜਾ ਰਾਣੀ, ਰਮਨ ਕੁਮਾਰ, ਨਰਿੰਦਰ ਸਿੰਘ, ਮਨੀਸ਼ਾ, ਭਾਰਤੀ, ਸਾਕਸ਼ੀ, ਰਮਨਾ ਸ਼ਰਮਾ, ਜਸਵਿੰਦਰ ਕੌਰ, ਕੋਮਲ, ਰਜਨੀ ਦੇਵੀ, ਕਮਲਜੀਤ, ਪਵਨ ਕੁਮਾਰ ਅਤੇ ਗੀਤੂ ਆਦਿ ਵਿਸ਼ੇਸ਼ ਤੌਰ ਤੇ ਸ਼ਾਮਲ ਸਨ। ਸਮਾਗਮ ਯਾਦਗਾਰੀ ਪਲਾਂ ਨਾਲ ਸਫਲਤਾਪੂਰਵਕ ਨੇਪਰੇ ਚੜ੍ਹਿਆ।

ਰਾਮ ਜਨਮ ਦਾ ਸੰਦੇਸ਼: ਜਦੋਂ ਧਰਮ ਦਾ ਪਤਨ ਹੁੰਦਾ ਤਾਂ ਪ੍ਰਭੂ ਅਵਤਾਰ ਧਾਰਨ ਕਰਦੇ ਹਨ

ਗੁਰਦਾਸਪੁਰ (ਸੰਜੀਵ ਨਈਅਰ) ਵਰਮਾ ਪੈਲੇਸ, ਗੁਰਦਾਸਪੁਰ ਵਿਖੇ ਚੱਲ ਰਹੀ ਪੰਜ ਦਿਨਾਂ ਸ਼੍ਰੀ ਰਾਮ ਕਥਾਮ੍ਰਿਤ ਦੇ ਪਹਿਲੇ ਦਿਨ ਕਥਾ ਵਿਆਸ ਪ੍ਰਗਿਆਚਕਸ਼ੁ ਸਾਧਵੀ ਸੁਸ਼੍ਰੀ ਸ਼ਚੀ ਭਾਰਤੀ ਜੀ ਨੇ ਸ਼੍ਰੀ ਰਾਮ ਜਨਮ ਦੇ ਪ੍ਰਸੰਗ ਰਾਹੀਂ ਧਰਮ, ਮਨੁੱਖੀ ਮੁੱਲਾਂ ਅਤੇ ਆਤਮਿਕ ਜੀਵਨ ਨਾਲ ਜੁੜੇ ਮਹੱਤਵਪੂਰਨ ਪੱਖਾਂ 'ਤੇ ਚਾਨਣਾ ਪਾਇਆ। ਕਥਾ ਦੌਰਾਨ ਸਾਧਵੀ ਜੀ ਨੇ ਦੱਸਿਆ ਕਿ ਜਦੋਂ-ਜਦੋਂ ਧਰਤੀ 'ਤੇ ਅਧਰਮ ਵਧਦਾ ਹੈ, ਉਦੋਂ ਸਮਾਜ ਦਾ ਪਤਨ ਹੋਣ ਲੱਗਦਾ ਹੈ। ਜਦੋਂ ਅਪਰਾਧ, ਕੁਦਰਤ ਦਾ ਸ਼ੋਸ਼ਣ, ਚਰਿੱਤਰ ਦਾ ਪਤਨ ਅਤੇ ਨੈਤਿਕ ਕਦਰਾਂ-ਕੀਮਤਾਂ ਕਮਜ਼ੋਰ ਹੋ ਜਾਂਦੀਆਂ ਹਨ, ਤਾਂ ਸਨੇਹ, ਕਰੁਣਾ ਅਤੇ ਦਇਆ ਵਰਗੇ ਸ਼ਬਦਾਂ ਦੇ ਅਰਥ ਵੀ ਮਨੁੱਖ ਲਈ ਅਜਨਬੀ ਬਣ ਜਾਂਦੇ ਹਨ। ਜਦੋਂ ਮਨੁੱਖਤਾ ਆਪਣਾ ਹਿਰਦਾ ਗੁਆ ਬੈਠਦੀ ਹੈ, ਤਾਂ ਮਨੁੱਖ ਨੂੰ ਗਿਆਨ ਦੀ ਅੱਖ ਪ੍ਰਦਾਨ ਕਰਨ ਲਈ ਪ੍ਰਭੂ ਧਰਤੀ 'ਤੇ ਅਵਤਾਰ ਧਾਰਨ ਕਰਦੇ ਹਨ। ਸਾਧਵੀ ਜੀ ਨੇ ਦੱਸਿਆ ਕਿ ਤ੍ਰੇਤਾ ਯੁੱਗ ਵਿੱਚ ਵੀ ਅਜਿਹੀ ਹੀ ਸਥਿਤੀ ਪੈਦਾ ਹੋਈ ਸੀ। ਭਗਵਾਨ ਸ਼੍ਰੀ ਰਾਮ ਦੇ ਜਨਮ ਤੋਂ ਪਹਿਲਾਂ ਧਰਤੀ ਦੀ ਦਸ਼ਾ ਬਹੁਤ ਦੁਖਦਾਈ ਸੀ। ਹਰ ਪਾਸੇ ਅੱਤਿਆਚਾਰ ਵਧ ਰਿਹਾ ਸੀ ਅਤੇ ਪਾਪ ਦੀਆਂ ਸ਼ਕਤੀਆਂ ਮਜ਼ਬੂਤ ਹੋ ਰਹੀਆਂ ਸਨ। ਰਾਖਸ਼ਾਂ ਦਾ ਰਾਜਾ ਰਾਵਣ ਅਹੰਕਾਰ ਵਿੱਚ ਚੂਰ ਹੋ ਕੇ ਤਿੰਨਾਂ ਲੋਕਾਂ ਨੂੰ ਆਪਣੇ ਅਧੀਨ ਕਰਨ ਲਈ ਤਿਆਰ ਸੀ। ਉਹ ਰਿਸ਼ੀਆਂ ਦੇ ਯੱਗਾਂ ਨੂੰ ਨਸ਼ਟ ਕਰਦਾ ਅਤੇ ਸੱਜਣ ਲੋਕਾਂ ਨੂੰ ਤੰਗ ਕਰਦਾ ਸੀ। ਧਰਤੀ ਮਾਤਾ ਦੀ ਇਸ ਕਰੁਣ ਪੁਕਾਰ ਨੂੰ ਸੁਣ ਕੇ ਪ੍ਰਭੂ ਨੇ ਧਰਤੀ 'ਤੇ ਅਵਤਾਰ ਧਾਰਨ ਕੀਤਾ। ਤ੍ਰੇਤਾ ਯੁੱਗ ਦੇ ਰਾਵਣ ਕਾਲ ਦੀ ਵਰਤਮਾਨ ਸਮੇਂ ਨਾਲ ਤੁਲਨਾ ਕਰਦਿਆਂ ਸਾਧਵੀ ਜੀ ਨੇ ਕਿਹਾ ਕਿ ਰਾਵਣ ਦੇ ਜੀਵਨ ਵਿੱਚ ਦਿਖਾਈ ਦੇਣ ਵਾਲੇ ਵਾਸਨਾ, ਲਾਲਚ, ਕ੍ਰੋਧ ਅਤੇ ਆਸਕਤੀ ਵਰਗੇ ਅਵਗੁਣ ਅੱਜ ਵੀ ਸਮਾਜ ਵਿੱਚ ਦੇਖਣ ਨੂੰ ਮਿਲਦੇ ਹਨ। ਈਰਖਾ, ਦਵੈਸ਼, ਦੰਭ, ਘਿਣਾ ਅਤੇ ਅਹੰਕਾਰ ਕਾਰਨ ਮਨੁੱਖ ਆਪਣੇ ਜੀਵਨ ਦੇ ਅਸਲ ਮਹੱਤਵ ਨੂੰ ਭੁੱਲਦਾ ਜਾ ਰਿਹਾ ਹੈ। ਅਜਿਹੇ ਮਨੁੱਖ ਨੂੰ ਸਨਮਾਰਗ 'ਤੇ ਲਿਆਉਣ ਲਈ ਪ੍ਰਭੂ ਦਾ ਅਵਤਾਰ ਮਨੁੱਖਤਾ ਨੂੰ ਸਹੀ ਦਿਸ਼ਾ ਦਾ ਸੰਦੇਸ਼ ਦਿੰਦਾ ਹੈ। ਸਾਧਵੀ ਜੀ ਨੇ ਕਥਾ ਵਿੱਚ ਅਯੋਧਿਆ ਦੇ ਅਰਥ ਨੂੰ ਵੀ ਆਤਮਿਕ ਦ੍ਰਿਸ਼ਟੀਕੋਣ ਤੋਂ ਸਮਝਾਇਆ। ਉਨ੍ਹਾਂ ਕਿਹਾ ਕਿ ਵਿਚਾਰ ਕਰਨ ਵਾਲੀ ਗੱਲ ਹੈ ਕਿ ਪ੍ਰਭੂ ਦਾ ਜਨਮ ਅਯੋਧਿਆ ਵਿੱਚ ਹੀ ਕਿਉਂ ਹੋਇਆ ? 'ਅਯੋਧਿਆ' ਦਾ ਅਰਥ ਹੈ ਉਹ ਸਥਾਨ ਜਿੱਥੇ ਕੋਈ ਕਲਹ ਨਾ ਹੋਵੇ। ਉਨ੍ਹਾਂ ਦੱਸਿਆ ਕਿ ਇੱਥੇ ਕਿਸੇ ਵਿਸ਼ੇਸ਼ ਭੂਮੀ ਦੀ ਗੱਲ ਨਹੀਂ ਕੀਤੀ ਗਈ, ਸਗੋਂ ਅੱਠ ਚੱਕਰਾਂ, ਨੌ ਦੁਆਰਾਂ ਅਤੇ ਪੰਜ ਤੱਤਾਂ ਨਾਲ ਬਣਿਆ ਮਨੁੱਖੀ ਸਰੀਰ ਹੀ ਅਯੋਧਿਆ ਦਾ ਪ੍ਰਤੀਕ ਹੈ, ਜਿਸ ਵਿੱਚ ਪ੍ਰਭੂ ਦਾ ਸਾਕਸ਼ਾਤਕਾਰ ਕੀਤਾ ਜਾ ਸਕਦਾ ਹੈ। ਪ੍ਰਭੂ ਦਾ ਅਵਤਾਰ ਇਸ ਗੱਲ ਦਾ ਪ੍ਰਤੀਕ ਹੈ ਕਿ ਨਿਰਾਕਾਰ ਪਰਮਾਤਮਾ ਮਨੁੱਖ ਨੂੰ ਉਸ ਦੇ ਅੰਦਰ ਹੀ ਆਪਣੇ ਈਸ਼ਵਰੀ ਸਰੂਪ ਦਾ ਦਰਸ਼ਨ ਕਰਵਾਉਣ ਲਈ ਸਾਕਾਰ ਰੂਪ ਧਾਰਨ ਕਰਦੇ ਹਨ। ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਸਾਧਵੀ ਜੀ ਨੇ ਵਾਤਾਵਰਣ ਪ੍ਰਦੂਸ਼ਣ ਨੂੰ ਵੀ ਮਨੁੱਖਤਾ ਲਈ ਗੰਭੀਰ ਚੁਣੌਤੀ ਦੱਸਿਆ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ ਅਤੇ ਸਮੁੰਦਰਾਂ ਦੇ ਪਾਣੀ ਦਾ ਪੱਧਰ ਵੀ ਉੱਪਰ ਉੱਠ ਰਿਹਾ ਹੈ। ਜੇਕਰ ਇਹ ਸਥਿਤੀ ਇਸੇ ਤਰ੍ਹਾਂ ਜਾਰੀ ਰਹੀ ਤਾਂ ਧਰਤੀ ਦੇ ਅਸਤਿਤਵ ਲਈ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਵਿੱਚ ਫੈਲ ਰਹੇ ਪ੍ਰਦੂਸ਼ਣ ਲਈ ਮਨੁੱਖ ਖੁਦ ਜ਼ਿੰਮੇਵਾਰ ਹੈ ਅਤੇ ਵਿਕਾਸ ਦੀ ਅੰਨ੍ਹੀ ਦੌੜ ਕੁਦਰਤ ਲਈ ਨੁਕਸਾਨਦੇਹ ਸਾਬਤ ਹੋ ਰਹੀ ਹੈ। ਇਸ ਲਈ ਮਨੁੱਖ ਨੂੰ ਕੁਦਰਤ ਪ੍ਰਤੀ ਆਪਣੇ ਫਰਜ਼ ਨੂੰ ਸਮਝਣ ਅਤੇ ਨਿਭਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇੱਕ ਪੂਰਨ ਸੰਤ ਹੀ ਮਨੁੱਖ ਨੂੰ ਉਸ ਦੇ ਅਸਲ ਕਰਤੱਵ ਦੀ ਯਾਦ ਦਿਵਾ ਕੇ ਸਹੀ ਮਾਰਗ 'ਤੇ ਲੈ ਕੇ ਜਾ ਸਕਦਾ ਹੈ। ਪਹਿਲੇ ਦਿਨ ਵਿਸ਼ੇਸ਼ ਮਹਿਮਾਨਾਂ ਵਜੋਂ ਸਾਧਵੀ ਰੁਕਮਣੀ ਭਾਰਤੀ ਜੀ, ਸਵਾਮੀ ਸੁਖਦੇਵਾਨੰਦ ਜੀ, ਸਵਾਮੀ ਵਿਕਾਸਾਨੰਦ ਜੀ, ਸਵਾਮੀ ਜਗਦੀਸ਼ਾਨੰਦ ਜੀ, ਸ਼੍ਰੀ ਦਰਸ਼ਨ ਲਾਲ ਮਹਾਜਨ (ਪ੍ਰਧਾਨ, ਵਪਾਰ ਮੰਡਲ ਗੁਰਦਾਸਪੁਰ), ਸ਼੍ਰੀ ਰਜਿੰਦਰ ਬਿੱਟਾ (ਭਾਜਪਾ ਆਗੂ), ਸ਼੍ਰੀ ਰਿੰਕੂ ਮਹੰਤ (ਮੰਡਲ ਪ੍ਰਧਾਨ, ਭਾਜਪਾ), ਸ਼੍ਰੀਮਤੀ ਆਸ਼ਾ ਮਿੱਤਲ, ਸ਼੍ਰੀਮਤੀ ਰੇਨੂ ਮਿੱਤਲ, ਸ਼੍ਰੀ ਚਰਨਜੀਤ ਸ਼ਰਮਾ ਅਤੇ ਸ਼੍ਰੀ ਯੋਗੇਸ਼ ਭੰਡਾਰੀ ਨੇ ਸ਼ਿਰਕਤ ਕੀਤੀ। ਕਥਾ ਦੌਰਾਨ ਭਜਨ-ਕੀਰਤਨ ਰਾਹੀਂ ਸੰਗਤ ਨੂੰ ਆਤਮਿਕ ਸੰਦੇਸ਼ ਨਾਲ ਜੋੜਿਆ ਗਿਆ। ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕਰਕੇ ਕਥਾ ਦਾ ਲਾਭ ਪ੍ਰਾਪਤ ਕੀਤਾ।

ਚੇਅਰਮੈਨ ਸਰਦਾਰ ਮਨਿੰਦਰਜੀਤ ਸਿੰਘ ਬਿੱਟਾ ਨੇ ਸ਼ਹੀਦ ਥਾਣੇਦਾਰ ਹਰਜੀਤ ਸਿੰਘ ਨੂੰ ਸ਼ਰਧਾਜਲੀ ਭੇਟ ਕੀਤੀ ਅਤੇ ਪਰੀਵਾਰ ਨਾਲ ਦੁੱਖ ਸਾਝਾਂ ਕੀਤਾ

ਅੰਮ੍ਰਿਸਰ 23 ਸਤੰਬਰ (ਰਾਜੇਸ਼ ਡੈਨੀ) ਸੁਰੱਖਿਆ ਕਰਮਚਾਰੀ ਜੋ ਦਿਨ ਰਾਤ ਲੋਕਾਂ ਦੀ ਸੁਰੱਖਿਆ ਲ਼ਈ ਡਿਉਟੀ ਕਰਦੇ ਹਨ ਅਤੇ ਕਾਨੂੰਨ ਦੀ ਪਾਲਣਾ ਕਰਦੇ ਹੋਏ ਮਾੜੇ ਅਨਸਰਾਂ ਦੇ ਖਿਲਾਫ ਸਖ਼ਤ ਕਾਰਵਾਈ ਕਰਦੇ ਹਨ । ਉਹਨਾਂ ਦੀ ਸੁਰੱਖਿਆ ਵੀ ਜਰੂਰੀ ਹੈ । ਅੱਜ ਮਨਿੰਦਰਜੀਤ ਸਿੰਘ ਬਿੱਟਾ ਸ਼ਹੀਦ ਥਾਣੇਦਾਰ ਹਰਜੀਤ ਸਿੰਘ ਦੇ ਪਰਿਵਾਰ ਨਾਲ ਦੁਖ ਸਾਝਾ ਕਰਨ ਉਹਨਾ ਦੇ ਘਰ ਪਹੁਚੇ ਉਹਨਾ ਸ਼ਹੀਦ ਨੂੰ ਸ਼ਰਧਾਜਲੀ ਵੀ ਭੇਟ ਕੀਤੀ। ਮਿਤੀ 19 ਸਤੰਬਰ ਰਾਤ ਦਾਣਾਮੰਡੀ ਭਗਤਾਵਾਲਾ ਅੰਦਰ ਗਸ਼ਤ ਕਰੇ ਥਾਣੇਦਾਰ ਹਰਜੀਤ ਸਿੰਘ ਨੂੰ ਦੋ ਨੌਜਵਾਨਾਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਬਹੁਤ ਹੀ ਮੰਦਭਾਗੀ ਘਟਨਾ ਹੈ। ਇਹ ਬਿਆਨ ਆਲ ਇੰਡੀਆ ਅੱਤਵਾਦ ਵਿਰੋਧੀ ਸੰਗਠਨ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਨੇ ਮੀਡੀਆ ਨੂੰ ਸਬੋਧਨ ਕਰਦੇ ਹੋਏ ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਇਸ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਘਟਨਾ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਇਸ਼ਾਰਿਆਂ ਤੇ ਕੰਮ ਕਰ ਰਹੇ ਹਨ ,ਵਿਦੇਸ਼ਾਂ ਵਿੱਚ ਬੈਠੇ ਅੱਤਵਾਦੀ ਸੰਗਠਨਾਂ ਅਤੇ ਗੈਗਸਟਰਾ ਦੇ ਮੁਖੀ ਸਾਡੇ ਦੇਸ਼ ਦੇ ਭੋਲੇ ਭਾਲੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਕੁਝ ਰੁਪਿਆ ਦੀ ਖਾਤਰ ਅਜਿਹੀਆਂ ਘਟਨਾਵਾਂ ਨੂੰ ਇਨਜਾਮ ਦੇ ਰਹੇ ਹਨ । ਪਿਛਲੇ ਸਮੇਂ ਵਿੱਚ ਕਈ ਥਾਣਿਆਂ ਅਤੇ ਚੌਕੀਆਂ ਉਪਰ ਹੈਂਡ ਗਰਨੇਡ ਸੁੱਟੇ ਗਏ ਸਨ , ਅਤੇ ਗੁਰਦਾਸਪੁਰ ਜ਼ਿਲ੍ਹੇ ਬਾਰਡਰ ਨਜਦੀਕ ਚੌਕੀ ਵਿੱਚ ਦੋ ਪੁਲਿਸ ਮੁਲਾਜ਼ਮਾ ਦੀ ਹੱਤਿਆ ਕਰ ਦਿੱਤੀ ਗਈ ਸੀ , ਅਤੇ ਹੋਰ ਵੀ ਥਾਣੇਦਾਰਾ ਤੇ ਹਮਲੇ ਕੀਤੇ ਸਨ । ਵਿਦੇਸ਼ਾ ਵਿਚ ਬੈਠ ਕੇ ਦੇਸ਼ ਵਿਰੋਧੀ ਤਾਕਤਾਂ ਸਾਡੇ ਦੇਸ਼ ਅੰਦਰ ਮਹੌਲ ਨੂੰ ਖਰਾਬ ਕਰਨਾ ਚਾਹੁੰਦੀਆ ਹਨ । ਪਰ ਸਾਡੇ ਦੇਸ਼ ਦੇ ਬਹਾਦਰ ਜਾਬਾਜ ਸਿਰਖਿਆ ਕਰਮਚਾਰੀ ਅਜਿਹੇ ਹਾਲਾਤਾਂ ਨਾਲ ਲੜਨਾ ਜਾਣਦੇ ਹਨ । ਬੀਤੇ ਸਮੇ ਜਦੋ ਅੱਤਵਾਦ ਦੀ ਹਨੇਰੀ ਝੁਲ ਰਹੀ ਸੀ ਤਾ ਪੁਲੀਸ ਨੇ ਆਪਣੀਆ ਜਾਨਾ ਵਾਰ ਕੇ ਪੰਜਾਬ ਅੰਦਰ ਸ਼ਾਤੀ ਸਥਾਪਿਤ ਕੀਤੀ ਸੀ , ਉਹਨਾ ਦੇ ਨਾਲ ਕਈ ਸਿਆਸੀ ਪਾਰਟੀਆ ਦੇ ਲੀਡਰਾ ਨੇ ਵੀ ਕੁਰਬਾਨੀਆ ਦਿਤੀਆ ਸਨ । ਪੁਲੀਸ ਕਰਮਚਾਰੀਆਂ ਦੀ ਸਾਨੂੰ ਇੱਜਤ ਕਰਨੀ ਚਾਹੀਦੀ । ਬਿੱਟਾ ਨੇ ਅਗੇ ਕਿਹਾ ਮੈ ਹਮੇਸ਼ਾ ਦੇਸ਼ ਵਿਰੋਧੀ ਤਾਕਤਾ ਦੇ ਖਿਲਾਫ ਲੜਾਈ ਲੜਦਾ ਆ ਰਿਹਾ ਮੇਰੀ ਅਵਾਜ ਨੂੰ ਬੰਦ ਕਰਨ ਲਈ ਮੇਰੇ ਉਪਰ ਕਈ ਵਾਰ ਬੰਬਾ ਨਾਲ ਹਮਲੇ ਕੀਤੇ ਗਏ ਹਮਲਿਆ ਵਿਚ ਮੇਰੇ ਕਈ ਸੁਰਖਿਆ ਕਰਮਚਾਰੀ ਅਤੇ ਸਿਵਲ ਦੇ ਬੰਦੇ ਸ਼ਹੀਦ ਹੋਏ ਅਤੇ ਕਈ ਜਖਮੀ ਹੋਏ ਸਨ ਪਰ ਮੈ ਆਪਣੀ ਲੜਾਈ ਜਾਰੀ ਰੱਖੀ ਅਤੇ ਆਖਰੀ ਦਮ ਤੱਕ ਰੱਖਾਗਾ ਅੱਜ ਦੇ ਹਲਾਤਾ ਨਾਲ ਵੀ ਬਹਾਦਰੀ ਨਾਲ ਮੁਕਾਬਲਾ ਕਰਨਗੇ ਅਤੇ ਸਾਡੇ ਦੇਸ਼ ਦੇ ਦੁਸ਼ਮਣਾ ਨੂੰ ਮੌਤ ਦੀ ਨੀਦ ਸਵਾਉਣ ਗੇ ,ਰਾਜਨੀਤੀਕ ਅਤੇ ਸਮਾਜਿਕ ਪਾਰਟੀਆਂ ਨੂੰ ਇਕ ਮੰਚ ਉੱਤੇ ਆਉਣਾ ਚਾਹੀਦਾ ਹੈ ਅਤੇ ਦੇਸ਼ ਵਿਰੋਧੀ ਤਾਕਤਾਂ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ ਅਜ ਦੇ ਸਮੇ ਵਿਚ ਗੈਗਸਟਰਾ ,ਸਮਗਲਰਾ ਅਤੇ ਅੱਤਵਾਦੀਆਂ ਦਾ ਆਪਸੀ ਗਠਜੋੜ ਦੇਸ਼ ਲਈ ਬਹੁਤ ਵੱਡਾ ਖ਼ਤਰਾ ਬਣਿਆ ਹੈ, ਬੇਸ਼ੱਕ ਕੇਂਦਰ ਅਤੇ ਪੰਜਾਬ ਦੀਆਂ ਫੋਰਸਾਂ ਇਸ ਉੱਤੇ ਕਾਬੂ ਪਾਉਣ ਲਈ ਦਿਨ-ਰਾਤ ਮੇਹਨਤ ਕਰ ਰਹੀਆਂ ਹਨ, ਇਸ ਖਤਰੇ ਤੇ ਕਾਬੂ ਪਾਉਣ ਲਈ ਖੁਫੀਆ ਏਜੰਸੀਆਂ ਅਤੇ ਸੁਰਿਖਿਆ ਫੋਰਸਾ ਨੂੰ ਹੋਰ ਮੇਹਨਤ ਕਰਨ ਦੀ ਜ਼ਰੂਰਤ ਹੈ ਸਾਰੇ ਦੇਸ਼ ਦੀ

ਭਾਈ ਲਾਲੋ ਜੀ ਦੇ 574ਵੇਂ ਜਨਮ ਦਿਹਾੜੇ ਮੌਕੇ ਧਾਰਮਿਕ ਸਮਾਗਮ ਤੇ ਮੁਫ਼ਤ ਅੱਖਾਂ ਦਾ ਜਾਂਚ ਕੈਂਪ ਆਯੋਜਿਤ

ਭਾਈ ਲਾਲੋ ਜੀ ਦੇ ਸੰਦੇਸ਼ ਨੂੰ ਅਪਣਾਉਣ ਦੀ ਲੋੜ: ਪਵਨ ਦੀਵਾਨ

ਲੁਧਿਆਣਾ, 23 ਸਤੰਬਰ (ਸੂਰਜ) ਭਾਈ ਲਾਲੋ ਜੀ ਦੇ 574ਵੇਂ ਜਨਮ ਦਿਹਾੜੇ ਮੌਕੇ ਭਾਈ ਲਾਲੋ ਜੀ ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਗੁਰਨਾਮ ਸਿੰਘ ਕਲੇਰ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ, ਐਚ ਬਲਾਕ, ਬੀਆਰਐਸ ਨਗਰ, ਲੁਧਿਆਣਾ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਮੌਕੇ ਭਾਈ ਲਾਲੋ ਜੀ ਸਮਾਜ ਸੇਵਾ ਸੋਸਾਇਟੀ ਵੱਲੋਂ ਲੋਕ ਸੇਵਾ ਨੂੰ ਸਮਰਪਿਤ ਮੁਫ਼ਤ ਅੱਖਾਂ ਦੀ ਜਾਂਚ ਕੈਂਪ ਵੀ ਲਗਾਇਆ ਗਿਆ। ਕੈਂਪ ਦੌਰਾਨ ਦੀਪਕ ਹਾਰਟ ਸੈਂਟਰ ਐਂਡ ਇੰਸਟੀਚਿਊਟ, ਲੁਧਿਆਣਾ ਦੇ ਡਾ. ਨਵਨੀਤ ਕੁਮਾਰ ਸਣੇ ਵੱਖ ਵੱਖ ਬੀਮਾਰੀਆਂ ਦੇ ਡਾਕਟਰਾਂ ਦੀ ਟੀਮ ਵੱਲੋਂ ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸਦੇ ਨਾਲ ਹੀ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀ ਵੀ ਮੁਫ਼ਤ ਜਾਂਚ ਕੀਤੀ ਗਈ। ਵੱਡੀ ਗਿਣਤੀ ਵਿੱਚ ਲੋਕਾਂ ਨੇ ਕੈਂਪ ਵਿੱਚ ਪਹੁੰਚ ਕੇ ਆਪਣਾ ਸਿਹਤ ਚੈੱਕਅਪ ਕਰਵਾਇਆ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਪੰਜਾਬ ਲਾਰਜ

ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਅਤੇ ਸਾਬਕਾ ਚੇਅਰਮੈਨ ਕੇ ਕੇ ਬਾਵਾ ਨੇ ਭਾਈ ਲਾਲੋ ਜੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੇ ਹੱਕ-ਸੱਚ ਦੀ ਕਮਾਈ ਅਤੇ ਕਿਰਤ ਕਰਨ ਦੇ ਸੰਦੇਸ਼ ਨੂੰ ਯਾਦ ਕੀਤਾ। ਦੀਵਾਨ ਤੇ ਬਾਵਾ ਨੇ ਕਿਹਾ ਕਿ ਭਾਈ ਲਾਲੋ ਜੀ ਨੇ ਮਨੁੱਖਤਾ ਨੂੰ ਇਮਾਨਦਾਰੀ, ਮਿਹਨਤ ਅਤੇ ਸੱਚ ਦੇ ਰਾਹ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਕਿਹਾ ਕਿ ਭਾਈ ਲਾਲੋ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਪ੍ਰੇਰਣਾ ਦਾ ਸਰੋਤ ਹਨ ਅਤੇ ਸਾਨੂੰ ਇਮਾਨਦਾਰੀ ਨਾਲ ਮਿਹਨਤ ਕਰਕੇ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਨਾਲ-ਨਾਲ ਲੋੜਵੰਦਾਂ ਦੀ ਸੇਵਾ ਕਰਨ ਲਈ ਵੀ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਧਾਰਮਿਕ ਸਮਾਗਮਾਂ ਦੇ ਨਾਲ-ਨਾਲ ਸਿਹਤ ਜਾਂਚ ਵਰਗੇ ਲੋਕ ਭਲਾਈ ਦੇ ਉਪਰਾਲੇ ਕਰਨਾ ਭਾਈ ਲਾਲੋ ਜੀ ਦੀਆਂ ਸੇਵਾ, ਸੱਚ ਅਤੇ ਮਨੁੱਖਤਾ ਪ੍ਰਤੀ ਸਮਰਪਿਤ ਸਿੱਖਿਆਵਾਂ ਨੂੰ ਅੱਗੇ ਵਧਾਉਣ ਦਾ ਸਾਰਥਕ ਉਪਰਾਲਾ ਹੈ। ਲਇਸ ਮੌਕੇ ਵੱਡੀ ਗਿਣਤੀ ਚ ਪਹੁੰਚੀਆਂ ਸੰਗਤਾਂ ਤੋਂ ਇਲਾਵਾ, ਕੁਲਬੀਰ ਨੀਟਾ, ਰੋਹਿਤ ਪਾਹਵਾ, ਮਨਜੀਤ ਕੌਰ ਸਰੋਏ, ਡਾ ਪਰਮਜੀਤ ਸਿੰਘ ਸਰੋਏ, ਗਗਨਦੀਪ ਕੌਰ, ਮਮਤਾ ਰਾਣੀ, ਜੈਸਮੀਨ ਜੱਸੀ, ਸੁਖਵਿੰਦਰ ਕੌਰ, ਸਰਬਜੋਤ ਕੌਰ ਬਰਾੜ, ਕਾਂਤਾ ਦੇਵੀ, ਬਲਵਿੰਦਰ ਕੌਰ, ਨਿੱਕੀ ਰਿਆਤ, ਇੰਦਰਜੀਤ ਕੌਰ ਓਬਰਾਏ, ਵਰਿੰਦਰ ਭੱਲਾ, ਮਨਜਿੰਦਰ ਸਿੰਘ ਕਲੇਰ, ਰਵਿੰਦਰ ਸਿੰਘ ਕਲੇਰ, ਮਨਪ੍ਰੀਤ ਕੌਰ ਕਲੇਰ, ਤਰਨ ਕਲੇਰ ਵੀ ਮੌਜੂਦ ਰਹੇ।

ਮਾਤਾ ਕੁਲਵੰਤ ਕੌਰ ਜੀ ਦੇ ਅਕਾਲ ਚਲਾਣੇ 'ਤੇ ਅਮਰਿੰਦਰ ਸਿੰਘ ਤੁੜ ਵੱਲੋਂ ਡੂੰਘਾ ਦੁੱਖ

ਪਟਿਆਲਾ, 23 ਸਤੰਬਰ (ਰਾਜਿੰਦਰ ਸਿੰਘ ਥਿੰਦ,): ਪੂਰਾ ਪੰਜਾਬ ਲਹਿਰ, ਮਿਸਲ ਸਤਲੁਜ ਦੇ ਕੌਮੀ ਕਨਵੀਨਰ ਸਰਦਾਰ ਅਮਰਿਦਰ ਸਿੰਘ ਤੁੜ ਨੇ ਸਿੱਖ ਪੰਥ ਦੇ ਸੰਘਰਸ਼ਸ਼ੀਲ ਆਗੂ ਅਤੇ ਅਕਾਲੀ ਦਲ ਵਾਰਸ ਦੇ ਪਟਿਆਲਾ ਜ਼ਿਲ੍ਹਾ ਪ੍ਰਧਾਨ ਸਰਦਾਰ ਜਸਵਿੰਦਰ ਸਿੰਘ ਡਰੋਲੀ ਦੇ ਸਤਿਕਾਰਯੋਗ ਮਾਤਾ ਸ਼੍ਰੀਮਤੀ ਕੁਲਵੰਤ ਕੌਰ ਜੀ ਦਾ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ 'ਤੇ ਡੂੰਘੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਸਰਦਾਰ ਅਮਰਿਦਰ ਸਿੰਘ ਤੁੜ ਨੇ ਕਿਹਾ ਕਿ ਮਾਤਾ ਕੁਲਵੰਤ ਕੌਰ ਜੀ ਦਾ ਅਕਾਲ ਚਲਾਣਾ ਪਰਿਵਾਰ ਲਈ ਹੀ ਨਹੀਂ, ਸਗੋਂ ਸਮਾਜ ਲਈ ਵੀ ਇੱਕ ਵੱਡਾ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਪਰਿਵਾਰ ਵੱਲੋਂ ਸਹਿਣ ਕੀਤਾ ਜਾ ਰਿਹਾ ਵਿਛੋੜਾ ਬੇਹੱਦ ਪੀੜਾਦਾਇਕ ਹੈ ਅਤੇ ਪੰਥਕ ਹਲਕਿਆਂ ਵਿੱਚ ਵੀ ਮਾਤਾ ਜੀ ਦੇ ਅਕਾਲ ਚਲਾਣੇ ਨਾਲ ਸੋਗ ਦੀ ਲਹਿਰ ਹੈ। ਉਨ੍ਹਾਂ ਸਰਦਾਰ ਜਸਵਿੰਦਰ ਸਿੰਘ ਡਰੋਲੀ ਦੀਆਂ ਪੰਥ ਪ੍ਰਤੀ ਸੇਵਾਵਾਂ ਅਤੇ ਸੰਘਰਸ਼ਸ਼ੀਲ ਭੂਮਿਕਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਸਿੱਖ ਪੰਥ 'ਤੇ ਆਈਆਂ ਔਖੀਆਂ ਘੜੀਆਂ ਵਿੱਚ ਡਟ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਅਜਿਹੇ ਸਮੇਂ ਵਿੱਚ ਪਰਿਵਾਰ ਦੇ ਨਾਲ ਖੜ੍ਹਨਾ ਅਤੇ ਉਨ੍ਹਾਂ ਦੇ ਦੁੱਖ ਵਿੱਚ ਸ਼ਾਮਲ ਹੋਣਾ ਸਾਡਾ ਫਰਜ਼ ਹੈ। ਸਰਦਾਰ ਅਮਰਿਦਰ ਸਿੰਘ ਤੁੜ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਮਾਤਾ ਕੁਲਵੰਤ ਕੌਰ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰਕ ਮੈਂਬਰਾਂ, ਸਾਕ-ਸਬੰਧੀਆਂ ਅਤੇ ਸਨੇਹੀਆਂ ਨੂੰ ਇਹ ਅਸਹਿ ਵਿਛੋੜਾ ਸਹਿਣ ਦਾ ਬਲ ਪ੍ਰਦਾਨ ਕਰਨ।

ਪਿੰਡ ਨੈਣਕਲਾਂ ਵਿਖੇ ਸਾਲਾਨਾ ਕੁਸ਼ਤੀ ਦੰਗਲ 'ਚ ਹਲਕਾ ਇੰਚਾਰਜ ਨੇ ਭਰੀ ਹਾਜ਼ਰੀ

ਸਨੌਰ , 23 ਸਤੰਬਰ (ਰਾਜਿੰਦਰ ਸਿੰਘ ਥਿੰਦ) ਪਿੰਡਾਂ ਅੰਦਰ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਅਲਾਮਤ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਨਾਲ ਜੋੜਨਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਬੀਤੇ ਦਿਨੀਂ ਨੇੜਲੇ ਪਿੰਡ ਨੈਣਕਲਾਂ ਵਿਖੇ ਕਰਵਾਏ ਗਏ ਸਾਲਾਨਾ ਵਿਸ਼ਾਲ ਕੁਸ਼ਤੀ ਦੰਗਲ ਦੌਰਾਨ ਵਿਸ਼ੇਸ਼ ਤੌਰ @ਤੇ ਹਾਜ਼ਰੀ ਭਰਦਿਆਂ ਕੀਤਾ। ਇਸ ਮੌਕੇ ਬਾਬਾ ਕਰਨੈਲ ਸਿੰਘ ਜੀ, ਚੇਅਰਮੈਨ ਹੈਪੀ ਪਹਾੜੀਪੁਰ, ਲਾਲੀ ਰਹਿਲ ਪੀ ਏ, ਸਰਪੰਚ ਰਾਜਾ ਧੰਜੂ, ਹਰਪਿੰਦਰ ਚੀਮਾ ਆਪ ਆਗੂ ਅਤੇ ਸਰਪੰਚ-ਪੰਚ ਤੋਂ ਇਲਾਵਾ ਆਪ ਦੇ ਕਈ ਅਹੁਦੇਦਾਰ ਵਿਸ਼ੇਸ਼ ਤੌਰ ਤੇ ਮੌਜੂਦ ਸਨ. ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਹਡਾਣਾ ਨੇ ਕਿਹਾ ਕਿ ਖੇਡਾਂ ਜਿੱਥੇ ਸਰੀਰਕ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ, ਉੱਥੇ ਹੀ ਨੌਜਵਾਨਾਂ ਨੂੰ ਜ਼ਿੰਦਗੀ ਵਿੱਚ ਅਨੁਸ਼ਾਸਨ ਅਤੇ ਸਹੀ ਸੇਧ ਵੀ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਵਚਨਬੱਧ ਹੈ ਅਤੇ ਪਿੰਡ ਪੱਧਰ @ਤੇ ਅਜਿਹੇ ਰਵਾਇਤੀ ਕੁਸ਼ਤੀ ਦੰਗਲ ਕਰਵਾਉਣਾ ਸ਼ਲਾਘਾਯੋਗ ਉਪਰਾਲਾ ਹੈ। ਹਡਾਣਾ ਨੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੇਲੇ ਵਿੱਚ ਪਹੁੰਚਣ @ਤੇ ਜੋ ਭਰਪੂਰ ਮਾਣ-ਸਤਿਕਾਰ ਦਿੱਤਾ ਗਿਆ ਹੈ, ਉਸ ਲਈ ਸਮੂਹ ਗੁੱਗਾ ਮਾੜੀ ਪ੍ਰਬੰਧਕ ਕਮੇਟੀ, ਖੇਡ ਕਮੇਟੀ, ਪਿੰਡ ਦੀਆ ਸਮੂਹ ਜਥੇਬੰਦੀਆਂ ਦੇ ਤਹਿ ਦਿਲੋਂ ਧੰਨਵਾਦੀ ਹਨ। ਉਨ੍ਹਾਂ ਪਹਿਲਵਾਨਾਂ ਦੇ ਹੱਥ ਮਿਲਾ ਕੇ ਕੁਸ਼ਤੀ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ ਅਤੇ ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਕਰਦਿਆਂ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ, ਖੇਡ ਪ੍ਰੇਮੀ ਅਤੇ ਨੇੜਲੇ ਪਿੰਡਾਂ ਤੋਂ ਸੈਂਕੜੇ ਪਿੰਡ ਵਾਸੀ ਮੌਜੂਦ ਸਨ।

ਯੂਨਾਈਟਿਡ ਫਿਜ਼ੀਕਲ ਐਜੂਕੇਸ਼ਨ ਪੰਜਾਬ ਦੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਅਹਿਮ ਮੀਟਿੰਗ

ਦਿੜ੍ਹਬਾ ਮੰਡੀ 23 ਸਤੰਬਰ (ਜਸਵੀਰ ਸਿੰਘ) : ਯੂਨਾਈਟਿਡ ਫਿਜ਼ੀਕਲ ਐਜੂਕੇਸ਼ਨ ਪੰਜਾਬ ਦੇ ਆਗੂਆਂ ਦੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਹੋਈ। ਮੀਟਿੰਗ ਦੌਰਾਨ ਮਾਸਟਰ ਕੇਡਰ ਭਰਤੀ ਸਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਮਾਸਟਰ ਕੇਡਰ ਭਰਤੀ ਦਾ ਅਜੰਡਾ ਕੈਬਨਿਟ ਮੀਟਿੰਗ ਵਿੱਚ ਰੱਖਿਆ ਜਾਣਾ ਹੈ, ਜਿਸ ਤੋਂ ਬਾਅਦ ਭਰਤੀ ਦਾ ਇਸ਼ਤਿਹਾਰ ਜਾਰੀ ਕੀਤਾ ਜਾਵੇਗਾ। ਯੂਨੀਅਨ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਨੇ ਕਿਹਾ ਕਿ ਜੇਕਰ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਮਾਸਟਰ ਕੇਡਰ ਭਰਤੀ ਦਾ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਿੜ੍ਹਬਾ ਸਥਿਤ ਦਫ਼ਤਰ ਅੱਗੇ ਪੱਕਾ ਧਰਨਾ ਲਗਾਇਆ ਜਾਵੇਗਾ। ਇਸ ਮੌਕੇ ਯੂਨੀਅਨ ਦੇ ਆਗੂ ਮਨਦੀਪ ਸਿੰਘ ਬਿੱਲਾ, ਲਖਬੀਰ ਸਿੰਘ ਖੁੱਡੀ ਕਲਾਂ, ਪ੍ਰਿਯੰਕਾ ਰਾਣੀ, ਗੁਰਿਦਰ ਸਿੰਘ, ਵੀਰਪਾਲ ਕੌਰ ਆਦਿ ਮੌਜੂਦ ਰਹੇ।

ਦਾਣਾ ਮੰਡੀ ਸ੍ਰੀ ਮਾਛੀਵਾੜਾ ਵਿੱਖੇ ਝੋਨੇ ਦੀ ਆਮਦ ਤੇਜ ਪਰ ਸਰਕਾਰੀ ਖਰੀਦ ਨਾ ਹੋਣ ਕਾਰਨ ਕਿਸਾਨ ਹੋ ਰਹੇ ਨੇ ਪ੍ਰੇਸ਼ਾਨ

ਸ੍ਰੀ ਮਾਛੀਵਾੜਾ ਸਾਹਿਬ :- ਦਰਸ਼ਨ ਚੋਪੜਾ, ਰਾਜੀਵ ਕੁਮਾਰ ਰੋਜ਼ੀ, ਨਰੇਸ਼ ਭਾਟੀਆ - ਪੰਜਾਬ ਦੀਆਂ ਵੱਡੀਆਂ ਮੰਡੀਆਂ ਵਿੱਚ ਸ਼ਾਮਲ ਦਾਣਾ ਮੰਡੀ ਸ੍ਰੀ ਮਾਛੀਵਾੜਾ ਸਾਹਿਬ ਵਿੱਖੇ ਝੋਨੇ ਦੀ ਆਮਦ ਤੇਜ ਹੋ ਗਈ ਹੈ ਪਰ ਸਰਕਾਰੀ ਖਰੀਦ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ ਹੋ ਰਹੇ ਹਨ ਦਾਣਾ ਮੰਡੀ ਵਿੱਚ ਅਪਣੀ ਫ਼ਸਲ ਵੇਚਣ ਆਏ ਕਿਸਾਨ ਤਿੰਨ ਤਿੰਨ ਦਿਨ ਤੋਂ ਅਪਣੀ ਫ਼ਸਲ ਵਿਕਣ ਦਾ ਇੰਤਜਾਰ ਕਰ ਰਹੇ ਹਨ ਕਿਉਕਿ ਸਰਕਾਰੀ ਖਰੀਦ ਸ਼ੁਰੂ ਨਾ ਹੋਣ ਕਾਰਨ ਉਨ੍ਹਾਂ ਨੂੰ ਅਪਣੀ ਫ਼ਸਲ ਦਾ ਪੂਰਾ ਭਾਅ ਨਹੀਂ ਮਿਲ ਰਿਹਾ ਇਸ ਸਬੰਧੀ ਗੱਲਬਾਤ ਕਰਦਿਆਂ ਝੋਨਾਂ ਵੇਚਣ ਆਏ ਕਿਸਾਨ ਰਾਜਿੰਦਰ ਸਿੰਘ ਝਾੜ ਸਾਹਿਬ,ਤੇ ਅਰਸ਼ਦੀਪ ਕੜਿਆਣਾ ਨੇ ਦੱਸਿਆ ਕਿ ਪਿੱਛਲੇ ਸਾਲ ਸਰਕਾਰ ਨੇ 20ਸੰਤਬਰ ਤੋਂ ਹੀ ਝੋਨੇ ਦੀ ਖਰੀਦ ਸ਼ੁਰੂ ਕਰ ਦਿੱਤੀ ਸੀ ਇਸ ਵਾਰ ਸਰਕਾਰ ਦੇ ਕਹਿਣ ਤੇ ਹੀ ਘੱਟ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਬਿਜਾਈ ਕੀਤੀ ਸੀ ਇਸ ਸਬੰਧੀ ਜਦੋਂ ਆੜਤੀਆਂ ਐਸੋਸੀਏਸ਼ਨ ਦੇ ਸੂਬਾ ਸਕੱਤਰ ਅਰਵਿੰਦਰ ਪਾਲ ਸਿੰਘ ਵਿੱਕੀ, ਤੇ ਪ੍ਰਮੁੱਖ ਆੜ੍ਹਤੀ ਸ਼ਕਤੀ ਆਨੰਦ,ਐਡਵੋਕੇਟ ਕਪਿਲ ਆਨੰਦ,ਹਰਜਿੰਦਰ ਸਿੰਘ ਖੇੜਾ ਤੇ ਹੋਰ ਆੜਤੀਆਂ ਨੇ ਕਿਸਾਨਾਂ ਦੀ ਮੰਗ ਦਾ ਸਮਰਥਨ ਕੀਤਾ ਉਨ੍ਹਾਂ ਕਿਹਾ ਕਿ ਮੰਡੀ ਵਿੱਚ ਅਗੇਤੀ ਫ਼ਸਲ ਬਹੁਤ ਜਿਆਦਾ ਆ ਰਹੀ ਹੈ ਜ਼ੇਕਰ ਕਿਸਾਨ ਪ੍ਰਾਈਵੇਟ ਵਿਓਪਾਰੀਆਂ ਨੂੰ ਅਪਣੀ ਫ਼ਸਲ ਵੇਚਣਗੇ ਤਾਂ ਉਨ੍ਹਾਂ ਨੂੰ ਘੱਟ ਭਾਅ ਮਿਲੇਗਾ ਜਿਸ ਨਾਲ ਕਿਸਾਨਾਂ ਦਾ ਵੱਡਾ ਆਰਥਿਕ ਨੁਕਸਾਨ ਹੋਵੇਗਾ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਰੁੱਲਣ ਤੋਂ ਬਚਾਉਣ ਲਈ ਝੋਨੇ ਦੀ ਸਰਕਾਰੀ ਖਰੀਦ ਤਰੁੰਤ ਸ਼ੁਰੂ ਕੀਤੀ ਜਾਵੇ ਉਨ੍ਹਾਂ ਕਿਹਾ ਕਿ ਮੰਡੀ ਵਿੱਚ ਹੁਣ ਤੱਕ 50 ਹਜ਼ਾਰ ਕੁਵਿੰਟਲ ਝੋਨਾਂ ਪਹੁੰਚ ਚੁੱਕਾ ਹੈ ਜੇ ਝੋਨੇ ਦੀ ਸਰਕਾਰ ਖਰੀਦ ਸ਼ੁਰੂ ਨਾ ਹੋਈ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ!

ਕੈਮਬਰਿਜ਼ ਕਾਨਵੈਂਟ ਸਕੂਲ ਵਿੱਚ ਪੰਜਾਬੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ

ਕੋਟ ਈਸੇ ਖਾਂ 23 ਸਤੰਬਰ (ਮੰਜੀਵ ਸੂਦ) ਕੈਮਬਰਿਜ਼ ਕਾਨਵੈਂਟ ਸਕੂਲ ਵਿਖੇ ਅੱਜ ਪੰਜਾਬੀ ਦਿਵਸ ਬੜੇ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਸਵੇਰ ਦੀ ਪ੍ਰਾਰਥਨਾ ਸਭਾ ਦੌਰਾਨ ਵਿਦਿਆਰਥੀਆਂ ਵੱਲੋਂ ਪੰਜਾਬੀ ਭਾਸ਼ਾ ਦੀ ਮਹਾਨਤਾ ਨੂੰ ਦਰਸਾਉਂਦੀਆਂ ਵੱਖ-ਵੱਖ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਨਾਲ ਸਬੰਧਤ ਕਵਿਤਾਵਾਂ, ਭਾਸ਼ਣਾਂ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬੀ ਭਾਸ਼ਾ ਦੀ ਮਹੱਤਤਾ ਅਤੇ ਇਸ ਦੀ ਅਮੀਰ ਵਿਰਾਸਤ ਨੂੰ ਉਜਾਗਰ ਕੀਤਾ। ਬੱਚਿਆਂ ਨੇ ਆਪਣੀ ਸ਼ਾਨਦਾਰ ਪੇਸ਼ਕਾਰੀ ਰਾਹੀਂ ਪੰਜਾਬੀ ਭਾਸ਼ਾ ਪ੍ਰਤੀ ਆਪਣੇ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਨੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਪਿਆਰ ਕਰਨ, ਆਪਣੀ ਮਾਂ-ਬੋਲੀ ਦਾ ਸਤਿਕਾਰ ਕਰਨ ਅਤੇ ਇਸ ਨੂੰ ਰੋਜ਼ਾਨਾ ਜੀਵਨ ਵਿੱਚ ਵੱਧ ਤੋਂ ਵੱਧ ਵਰਤਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀ ਸਿਰਫ਼ ਸਾਡੀ ਭਾਸ਼ਾ ਹੀ ਨਹੀਂ, ਸਗੋਂ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਪਹਿਚਾਣ ਦਾ ਅਹਿਮ ਹਿੱਸਾ ਹੈ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ ਨੇ ਸਭ ਦਾ ਮਨ ਮੋਹ ਲਿਆ। ਇਸ ਪੂਰੇ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਪਿਆਰ, ਸਤਿਕਾਰ ਅਤੇ ਮਾਣ ਦੀ ਭਾਵਨਾ ਪੈਦਾ ਕਰਨਾ ਸੀ। ਕੈਪਸ਼ਨ ਸਕੂਲ ਵਿੱਚ ਪੰਜਾਬੀ ਦਿਵਸ ਮਨਾਉਣ ਮੌਕੇ ਦਾ ਦ੍ਰਿਸ਼।

ਡੀ ਐਸ ਪੀ ਸਤਨਾਮ ਸਿੰਘ ਨੂੰ ਅੱਜ ਉ

ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦਾ ਮੁੱਖ ਨਿਸ਼ਾਨਾ ਜੱਚਾ ਬੱਚਾ ਦੀ ਸਿਹਤ ਸੁਰੱਖਿਆ- ਡਾ. ਸ਼ੈਲੀ ਅਰੋੜਾ

ਬਠਿੰਡਾ/ਬਾਲਿਆਂਵਾਲੀ, 23 ਸਤੰਬਰ (ਕੁਲਜੀਤ ਸਿੰਘ ਢੀਂਗਰਾ/ਸ਼ੁਰੇਸ਼ ਗਰਗ)- ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਦੀ ਯੋਗ ਅਗਵਾਈ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੀ.ਐਚ.ਸੀ ਬਾਲਿਆਂਵਾਲੀ ਡਾਕਟਰ ਸ਼ੈਲੀ ਅਰੋੜਾ ਦੀ ਦੇਖ ਰੇਖ ਹੇਠ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਲਈ ਵਿਸ਼ੇਸ਼ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਐਸ.ਐਮ.ਓ ਡਾ. ਸ਼ੈਲੀ ਅਰੋੜਾ ਨੇ ਜਾਣਕਾਰੀ ਦਿੰਦਿਆਂ ਹੋਇਆ ਦਸਿਆ ਕਿ ਗਰਭਵਤੀ ਔਰਤਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਮਾਂ ਅਤੇ ਬੱਚੇ ਦੀ ਮੌਤ ਦਰ ਘਟਾਉਣ ਦੇ ਉਦੇਸ਼ ਨਾਲ ਹਰ ਮਹੀਨੇ ਦੀ 9 ਅਤੇ 23 ਤਰੀਕ ਨੂੰ ਵਿਸ਼ੇਸ਼ ਜਾਂਚ ਕੈਂਪ ਲਗਾਏ ਜਾਂਦੇ ਹਨ। ਇਹਨਾਂ ਕੈਂਪਾਂ ਵਿੱਚ ਗਰਭਵਤੀਆਂ ਦੀ ਮੁਫ਼ਤ ਸਿਹਤ ਜਾਂਚ, ਖ਼ੂਨ ਦੀ ਜਾਂਚ , ਬਲਡ ਪ੍ਰੈਸ਼ਰ, ਹੀਮੋਗਲੋਬਿਨ, ਸ਼ੂਗਰ ਟੈਸਟ, ਅਲਟਰਾ ਸਾਊਂਡ ਲਈ ਸਲਾਹ ਅਤੇ ਲੋੜੀਦੀਆਂ ਦਵਾਈਆਂ ਮੁੱਹਈਆ ਕਰਵਾਈਆਂ ਜਾਂਦੀਆਂ ਹਨ। ਉਹਨਾਂ ਦੱਸਿਆ ਕਿ ਗਰਭਾਵਸਥਾ ਦੌਰਾਨ ਘੱਟੋ ਘੱਟ ਚਾਰ ਵਾਰ ਸਿਹਤ ਜਾਂਚ ਕਰਵਾਉਣੀ ਬਹੁਤ ਜਰੂਰੀ ਹੈ ਤਾਂ ਜ਼ੋ ਸਮੇਂ ਸਿਰ ਗਰਭ ਦੀ ਜਟਿਲਤਾ ਦਾ ਪਤਾ ਲੱਗ ਸਕੇ ਅਤੇ ਮਾਂ ਅਤੇ ਬੱਚੇ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਹਨਾਂ ਸਾਰੀਆਂ ਗਰਭਵਤੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਪਲੱਬਧ ਮੁਫ਼ਤ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨਾਂ ਕਿਹਾ ਕਿ ਗਰਭਵਤੀ ਔਰਤਾਂ ਨੂੰ ਅਪਣਾ ਜਣੇਪਾ ਸਰਕਾਰੀ ਹਸਪਤਾਲਾਂ ਵਿਚ ਹੀ ਕਰਵਾਉਣਾ ਚਾਹੀਦਾ ਹੈ ਜਿੱਥੇ ਕਿ ਲੋੜੀਂਦੀਆਂ ਸਾਰੀਆਂ ਸਹੂਲਤਾਂ ਮੁਫ਼ਤ ਮਿਲਦੀਆਂ ਹਨ ਅਤੇ ਜੱਚਾ ਬੱਚਾ ਬਿਲਕੁਲ ਸੁਰੱਖਿਅਤ ਰਹਿੰਦੇ ਹਨ। ਡਾ. ਸ਼ੈਲੀ ਅਰੋੜਾ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਮਕਸਦ ਹਾਈ ਰਿਸਕ ਪ੍ਰੈਗਨੈਂਸੀ ਨੂੰ ਘਟਾਉਣਾ ਅਤੇ ਮੈਟਰਨਲ ਮੌਤਾਂ ਤੇ ਕਾਬੂ ਪਾਉਣਾ ਭਾਵ ਜੱਚਾ ਬੱਚਾ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣਾ ਹੈ। ਉਹਨਾ ਵਿਸ਼ੇਸ਼ ਤੌਰ ਤੇ ਅਪੀਲ ਕਰਦਿਆਂ ਕਿਹਾ ਕਿ ਓਹਨਾਂ ਨੂੰ ਸੰਤੁਲਿਤ ਭੋਜਨ ਖਾਣ ਦੇ ਨਾਲ ਨਾਲ ਹਰੀਆਂ ਸਬਜੀਆਂ, ਸਲਾਦ ਸੀਜ਼ਨਲ ਫਲ ਵੀ ਖਾਣਾ ਬਹੁਤ ਜਰੂਰੀ ਹੈ ਤਾਂ ਜ਼ੋ ਸ਼ਰੀਰ ਵਿੱਚ ਹੀਮੋਗਲੋਬਿਨ ਦੀ ਕਮੀ ਪੂਰੀ ਹੋ ਸਕੇ। ਇਸ ਮੌਕੇ ਤੇ ਡਾ. ਮੁਸਕਾਨ ਬਾਂਸਲ, ਬਲਾਕ ਐਕਸਟੇਂਸ਼ਨ ਐਜੁਕੇਟਰ ਮਨਜੀਤ ਸਿੰਘ, ਬੀ.ਈ.ਈ. ਸੁਰਿੰਦਰ ਕੌਰ, ਰਵਿੰਦਰ ਕੌਰ ਨਰਸਿੰਗ ਸਿਸਟਰ, ਬਨੀਤਾ ਰਾਣੀ ਸੀਨੀਅਰ ਫਾਰਮੇਸੀ ਅਫ਼ਸਰ, ਐੱਲ.ਐਚ.ਵੀ. ਦਰਸ਼ਨ ਕੌਰ, ਏ.ਐਨ.ਐਮ. ਪੂਜਾ ਰਾਣੀ, ਆਸ਼ਾ ਫਸਿਲੀਟੇਟਰ ਸ਼ਿੰਦਰਪਾਲ ਕੌਰ , ਸਰਬਜੀਤ ਕੌਰ ਆਸ਼ਾ, ਸ਼ਿੰਦਰਪਾਲ ਕੌਰ ਆਸ਼ਾ, ਚਰਨਜੀਤ ਕੌਰ ਆਸ਼ਾ, ਰੁਪਿੰਦਰ ਕੌਰ ਆਸ਼ਾ ਆਦਿ ਹਾਜਰ ਰਹੇ।

ਇੱਕ ਸ਼ਾਮ ਮਾਂ ਭਗਵਤੀ ਦੇ ਨਾਮ 'ਤੇ ਭਗਤੀ 'ਚ ਝੂਮਿਆ ਬਰਨਾਲਾ

ਬਰਨਾਲਾ, 22 ਸਤੰਬਰ (ਅਵਤਾਰ ਸਿੰਘ ਫਰਵਾਹੀ) 14ਵੇਂ ਸ਼੍ਰੀ ਗਣੇਸ਼ ਮਹਾਂਉਤਸਵ ਦੇ ਸਬੰਧ ਵਿੱਚ ਗਣਪਤੀ ਉਤਸਵ ਯੁਵਾ ਮੰਡਲ (ਰਜਿ: 0155) ਵੱਲੋਂ ਮਾਤਾ ਚੰਡੀ ਸਤਿਅਮ ਸੇਵਾ ਸੰਘ, ਬਰਨਾਲਾ ਦੇ ਸਹਿਯੋਗ ਨਾਲ ÷ਇੱਕ ਸ਼ਾਮ ਮਾਂ ਭਗਵਤੀ ਦੇ ਨਾਮ÷ ਭਜਨ ਸੰਧਿਆ ਦਾ ਆਯੋਜਨ ਬੜੇ ਹੀ ਉਤਸ਼ਾਹ ਨਾਲ ਸੰਪੰਨ ਹੋਇਆ। ਗਣਪਤੀ ਉਤਸਵ ਯੁਵਾ ਮੰਡਲ ਦੇ ਪ੍ਰਬੰਧ ਹੇਠ 14 ਸਤੰਬਰ ਤੋਂ 24 ਸਤੰਬਰ 2026 ਤੱਕ ਚੱਲ ਰਹੇ ਇਸ ਮਹਾਂਉਤਸਵ ਦੇ ਤਹਿਤ 20 ਸਤੰਬਰ ਦੀ ਸ਼ਾਮ ਨੂੰ ਗਲੀ ਨੰ. 6-ਏ, ਡੀਸੈਂਟ ਹੋਟਲ ਦੇ ਪਿੱਛੇ, ਅਨਾਜ ਮੰਡੀ ਰੋਡ ਸਥਿਤ ਪੰਡਾਲ ਵਿੱਚ ਇਸ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ। ਪ੍ਰੋਗਰਾਮ ਵਿੱਚ ਪਰਮ ਪੂਜਯ ਮਾਤਾ ਸਤਿਅਮ ਦੇਵਾ ਜੀ (ਫਤਿਹਾਬਾਦ ਵਾਲੇ) ਵੱਲੋਂ ਮਾਂ ਭਗਵਤੀ ਦੇ ਮਧੁਰ ਭਜਨਾਂ ਦੀ ਪੇਸ਼ਕਾਰੀ ਦਿੱਤੀ ਗਈ, ਜਿਸ @ਤੇ ÷ਜੈ ਮਾਤਾ ਦੀ÷ ਦੇ ਜੈਕਾਰਿਆਂ ਨਾਲ ਪੂਰਾ ਪੰਡਾਲ ਗੂੰਜ ਉੱਠਿਆ। ਦੇਰ ਰਾਤ ਤੱਕ ਸ਼ਰਧਾਲੂ ਭਜਨਾਂ @ਤੇ ਝੂਮਦੇ ਰਹੇ। ਇਸ ਮੌਕੇ ਪਰਮ ਪੂਜਯ ਮਾਤਾ ਸਤਿਅਮ ਦੇਵਾ ਜੀ ਨੇ ਸਮੂਹ ਭਗਤਾਂ ਨੂੰ ਆਪਣਾ ਅਸ਼ੀਰਵਾਦ ਦਿੱਤਾ।ਪ੍ਰਬੰਧਕ ਮੰਡਲ ਨੇ ਦੱਸਿਆ ਕਿ ਇਸ ਮੌਕੇ ਵਿਸ਼ਾਲ ਭੰਡਾਰੇ ਦਾ ਵੀ ਆਯੋਜਨ ਕੀਤਾ ਗਿਆ ਅਤੇ ਆਏ ਹੋਏ ਸਾਰੇ ਭਗਤਾਂ ਨੇ ਮਾਂ ਦਾ ਪ੍ਰਸ਼ਾਦ ਗ੍ਰਹਿਣ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਗਣਪਤੀ ਉਤਸਵ ਯੁਵਾ ਮੰਡਲ (ਰਜਿ: 0155) ਅਤੇ ਮਾਤਾ ਚੰਡੀ ਸਤਿਅਮ ਸੇਵਾ ਸੰਘ, ਬਰਨਾਲਾ ਦੇ ਸਾਰੇ ਮੈਂਬਰਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।

ਨਸ਼ਿਆਂ ਖ਼ਿਲਾਫ਼ ਹੁਣ ਹਰ ਪੰਜਾਬੀ ਨੂੰ ਲੈਣੀ ਪਵੇਗੀ ਜ਼ਿੰਮੇਵਾਰੀ: ਦੀਪਕ ਸ਼ਰਮਾ

26 ਸਤੰਬਰ ਨੂੰ ਆਰਿਫ ਕੇ ਤੋਂ ਉੱਠੇਗੀ 'ਨਸ਼ਾ ਮੁਕਤ ਪੰਜਾਬ ਯਾਤਰਾ' ਦੀ ਆਵਾਜ਼

ਫਿਰੋਜ਼ਪੁਰ, 23 ਸਤੰਬਰ (ਪਰੇਸ਼ ਕੁਮਾਰ ਡਿੰਪੀ): ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫ਼ਤ ਤੋਂ ਬਚਾਉਣ ਲਈ ਹੁਣ ਸਰਕਾਰੀ ਯਤਨਾਂ ਦੇ ਨਾਲ ਸਮਾਜ ਦੀ ਸਾਂਝੀ ਤਾਕਤ ਨੂੰ ਵੀ ਅੱਗੇ ਆਉਣ ਦੀ ਲੋੜ ਹੈ।ਇਸੇ ਉਦੇਸ਼ ਨਾਲ 26 ਸਤੰਬਰ ਨੂੰ ਫਿਰੋਜ਼ਪੁਰ ਤੋਂ 'ਨਸ਼ਾ ਮੁਕਤ ਪੰਜਾਬ ਯਾਤਰਾ' ਸ਼ੁਰੂ ਕੀਤੀ ਜਾ ਰਹੀ ਹੈ।ਭਾਜਪਾ ਆਗੂ ਦੀਪਕ ਸ਼ਰਮਾ ਵੱਲੋਂ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਨਾਲ ਸੰਪਰਕ ਕਰਕੇ ਇਸ ਮੁਹਿੰਮ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਦੀ ਅਪੀਲ ਕੀਤੀ ਜਾ ਰਹੀ ਹੈ। ਦੀਪਕ ਸ਼ਰਮਾ ਨੇ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਜ਼ਿੰਦਗੀ ਨਹੀਂ ਉਜਾੜਦਾ, ਸਗੋਂ ਪੂਰੇ ਪਰਿਵਾਰ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਨਸ਼ਿਆਂ ਵਿਰੁੱਧ ਲੜਾਈ ਨੂੰ ਕਿਸੇ ਇੱਕ ਸਰਕਾਰ, ਪਾਰਟੀ ਜਾਂ ਸੰਗਠਨ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਮਾਪਿਆਂ, ਅਧਿਆਪਕਾਂ, ਧਾਰਮਿਕ ਸੰਸਥਾਵਾਂ, ਸਮਾਜਿਕ ਸੰਗਠਨਾਂ ਅਤੇ ਹਰ ਜ਼ਿੰਮੇਵਾਰ ਨਾਗਰਿਕ ਨੂੰ ਇਸ ਲੜਾਈ ਵਿੱਚ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਸਲ ਤਾਕਤ ਇਸ ਦੀ ਜਵਾਨੀ ਹੈ ਅਤੇ ਇਸ ਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਸਿੱਖਿਆ, ਖੇਡਾਂ, ਰੋਜ਼ਗਾਰ, ਹੁਨਰ ਅਤੇ ਸਮਾਜ ਸੇਵਾ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਦੱਸਿਆ ਕਿ 'ਨਸ਼ਾ ਮੁਕਤ ਪੰਜਾਬ ਯਾਤਰਾ' 26 ਸਤੰਬਰ ਨੂੰ ਸ਼ਾਮ 4 ਵਜੇ ਆਰਿਫ ਕੇ ਤੋਂ ਰਵਾਨਾ ਹੋਵੇਗੀ ਅਤੇ ਸ਼ਾਮ 7 ਵਜੇ ਦਿੱਲੀ ਗੇਟ, ਫਿਰੋਜ਼ਪੁਰ ਵਿਖੇ ਪਹੁੰਚੇਗੀ। ਦੀਪਕ ਸ਼ਰਮਾ ਨੇ ਫਿਰੋਜ਼ਪੁਰ ਵਾਸੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਇਸ ਯਾਤਰਾ ਨੂੰ ਸਿਰਫ਼ ਇੱਕ ਪ੍ਰੋਗਰਾਮ ਨਾ ਸਮਝਿਆ ਜਾਵੇ, ਬਲਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਾਂਝੀ ਸਮਾਜਿਕ ਮੁਹਿੰਮ ਵਜੋਂ ਇਸ ਨਾਲ ਜੁੜਿਆ ਜਾਵੇ।ਉਨ੍ਹਾਂ ਕਿਹਾ, ਅੱਜ ਜੇ ਅਸੀਂ ਆਪਣੀ ਜਵਾਨੀ ਲਈ ਇਕੱਠੇ ਹੋ ਕੇ ਖੜ੍ਹੇ ਹੋਵਾਂਗੇ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਅਤੇ ਮਜ਼ਬੂਤ ਪੰਜਾਬ ਦੀ ਨੀਂਹ ਰੱਖੀ ਜਾ ਸਕੇਗੀ।'

ਭਾਜਪਾ ਜੈਤੋ ਦੇ ਨਵ-ਨਿਯੁਕਤ ਇੰਚਾਰਜ ਸੁਮੀਤ ਸੁਖੀਜਾ ਦਾ ਜਸਪਾਲ ਪੰਜਗਰਾਈਂ ਦੀ ਟੀਮ ਵੱਲੋਂ ਵਿਸ਼ੇਸ਼ ਸਨਮਾਨ

ਕੋਟਕਪੂਰਾ, 23 ਸਤੰਬਰ (ਗੁਰਪ੍ਰੀਤ ਸਿੰਘ ਔਲਖ :- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਸੰਦੀਪ ਸਿੰਘ @ਸੰਨੀ ਬਰਾੜ@ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਜਨਰਲ ਸਕੱਤਰ ਸੁਮੀਤ ਸੁਖੀਜਾ ਨੂੰ ਵਿਧਾਨ ਸਭਾ ਹਲਕਾ ਜੈਤੋ ਦਾ ਨਵਾਂ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਦੀ ਖੁਸ਼ੀ ਵਿੱਚ ਭਾਜਪਾ ਐੱਸ.ਸੀ. ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਜਸਪਾਲ ਸਿੰਘ ਪੰਜਗਰਾਈਂ ਅਤੇ ਉਨ੍ਹਾਂ ਦੀ ਹਲਕਾ ਟੀਮ ਵੱਲੋਂ ਸੁਮੀਤ ਸੁਖੀਜਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਪੰਜਗਰਾਈਂ ਅਤੇ ਉਨ੍ਹਾਂ ਦੀ ਟੀਮ ਨੇ ਨਵ-ਨਿਯੁਕਤ ਹਲਕਾ ਇੰਚਾਰਜ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਨ੍ਹਾਂ ਨੂੰ ਜਿੰਮੇਵਾਰੀ ਮਿਲਣ @ਤੇ ਵਧਾਈ ਦਿੱਤੀ। ਜਸਪਾਲ ਸਿੰਘ ਪੰਜਗਰਾਈਂ ਨੇ ਆਖਿਆ ਕਿ ਸੁਮੀਤ ਸੁਖੀਜਾ ਇੱਕ ਪੜ੍ਹੇ-ਲਿਖੇ, ਸੁਲਝੇ ਹੋਏ ਅਤੇ ਨਿਡਰ ਆਗੂ ਹਨ। ਉਨ੍ਹਾਂ ਦੀ ਅਗਵਾਈ ਹੇਠ ਪੂਰੀ ਟੀਮ ਤਨਦੇਹੀ ਨਾਲ ਕੰਮ ਕਰੇਗੀ ਅਤੇ ਹਲਕਾ ਜੈਤੋ ਦੇ ਬੂਥ ਪੱਧਰ @ਤੇ ਭਾਰਤੀ ਜਨਤਾ ਪਾਰਟੀ ਦੇ ਆਧਾਰ ਨੂੰ ਹੋਰ ਮਜ਼ਬੂਤ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਮੇਸ਼ਾ ਇਮਾਨਦਾਰ ਅਤੇ ਵਫ਼ਾਦਾਰ ਵਰਕਰਾਂ ਦੀ ਕਦਰ ਕਰਦੀ ਹੈ। ਪਿਛਲੇ 25 ਸਾਲਾਂ ਤੋਂ ਪਾਰਟੀ ਲਈ ਕੀਤੀ ਨਿਸ਼ਕਾਮ ਸੇਵਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਉਮੀਦ ਜਤਾਈ ਕਿ ਪਾਰਟੀ ਹਾਈਕਮਾਂਡ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਵੀ ਜੈਤੋ ਹਲਕੇ ਦੀ ਸੇਵਾ ਦਾ ਵੱਡਾ ਮੌਕਾ ਦੇਵੇਗੀ। ਇਸ ਸਨਮਾਨ ਸਮਾਰੋਹ ਵਿੱਚ ਹਰਦੀਪ ਸ਼ਰਮਾ ਬਾਹਮਣ ਵਾਲਾ, ਡਾ. ਬਲਵਿੰਦਰ ਸਿੰਘ ਬਰਗਾੜੀ, ਜਗਮੀਤ ਸਿੰਘ ਢਿੱਲੋਂ ਝੱਖੜਵਾਲਾ, ਮਨਜੀਤ ਸਿੰਘ ਦਲ ਸਿੰਘ ਵਾਲਾ, ਜਸਪਾਲ ਸਿੰਘ ਦਲ ਸਿੰਘ ਵਾਲਾ ਅਤੇ ਨਿਰਮਲ ਸਿੰਘ ਲੰਬੂਵਾਲੀ ਆਦਿ ਵੀ ਹਾਜ਼ਰ ਸਨ।

ਨਾਭਾ ਦੇ ਵਾਰਡ ਨੰਬਰ 01 ਤੋਂ ਮਾਨ ਦੇ ਮੁਨਾਫੇ ਤਹਿਤ ਡੋਰ ਟੂ ਡੋਰ ਪ੍ਰਚਾਰ ਸ਼ੁਰੂ - ਵਿਧਾਇਕ ਗੁਰਦੇਵ ਸਿੰਘ ਦੇਵ ਮਾਨ

ਨਾਭਾ, 23 ਸਤੰਬਰ ਰਾਕੇਸ਼ ਜਿੰਦਲ ਸ਼ੁਭਮ ਜਿੰਦਲ ਨਾਭਾ ਹਲਕੇ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਅੱਜ ਨਾਭਾ ਸ਼ਹਿਰ ਦੇ ਵਾਰਡ ਨੰਬਰ 01 ਤੋਂ ਡੋਰ ਟੂ ਡੋਰ ਪ੍ਰਚਾਰ ਦੀ ਸ਼ੁਰੂਆਤ ਕੀਤੀ ਗਈ ਇਸ ਦੌਰਾਨ ਵਿਧਾਇਕ ਸਾਹਿਬ ਵੱਲੋਂ ਵਰਕਰ ਸਹਿਬਾਨਾਂ ਨਾਲ ਇੱਕ-ਇੱਕ ਘਰ ਜਾ ਕੇ ਬੂਹਾ ਖੜਕਾਇਆ ਗਿਆ ਅਤੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਮਾਨ ਦੇ ਮੁਨਾਫੇ ਦੌਰਾਨ ਹੋਏ ਲਾਭਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਪ੍ਰਚਾਰ ਦੌਰਾਨ ਲੋਕਾਂ ਵਿੱਚ ਭਗਵੰਤ ਮਾਨ ਸਰਕਾਰ ਪ੍ਰਤੀ ਬਹੁਤ ਹੀ ਹਾਂ-ਪੱਖੀ ਹੁੰਗਾਰਾ ਦੇਖਣ ਨੂੰ ਮਿਲਿਆ। ਵਾਰਡ ਵਾਸੀਆਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਸਰਕਾਰ ਦੇ ਕੰਮਾਂ ਤੋਂ ਬਹੁਤ ਖੁਸ਼ ਹਨ। ਲੋਕਾਂ ਨੇ 300 ਯੂਨਿਟ ਮੁਫਤ ਬਿਜਲੀ, ਆਮ ਆਦਮੀ ਕਲੀਨਿਕ, ਸਕੂਲਾਂ ਦੀ ਸੁਧਾਰ ਅਤੇ ਰੁਜ਼ਗਾਰ ਵਰਗੀਆਂ ਸਹੂਲਤਾਂ ਲਈ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਲੋਕਾਂ ਦਾ ਜੋ ਪਿਆਰ ਮਿਲ ਰਿਹਾ ਹੈ, ਉਸ ਤੋਂ ਸਾਫ ਹੈ ਕਿ ਲੋਕ ਦੁਬਾਰਾ 2027 ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਹਰ ਵਾਅਦਾ ਪੂਰਾ ਕੀਤਾ ਜਾਵੇਗਾ ਇਸ ਮੌਕੇ ਉਨਾਂ ਦੇ ਨਾਲ ਸੁਖਵਿੰਦਰ ਕੌਰ ਲਾਲਕਾ ਕੌਂਸਲਰ , ਕਸ਼ਮੀਰ ਲਾਲਕਾ , ਮਾਸਟਰ ਅਮਰੀਕ ਸਿੰਘ , ਭੁਪਿੰਦਰ ਸਿੰਘ ਕੱਲਰ ਮਾਜਰੀ ਵਾਈਸ ਚੇਅਰਮੈਨ , ਸਿਮਰਨ ਸਿੰਘ ਅੜਕ ਚੌਹਾਨ , ਜਸਵੀਰ ਸਿੰਘ ਵਜੀਦਪੁਰ, ਸੁਖਦੀਪ ਸਿੰਘ ਖਹਿਰਾ ਅਤੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਮੌਜੂਦ ਸਨ

ਆੜਤੀ ਐਸੋਸੀਏਸ਼ਨ ਦੇ ਵਫਦ ਨੇ ਡੀ.ਸੀ. ਪਟਿਆਲਾ ਨੂੰ ਆਪਣੀਆਂ ਮੰਗਾਂ ਸਬੰਧੀ ਦਿੱਤਾ ਮੰਗ ਪੱਤਰ

ਪਟਿਆਲਾ 23ਸਤੰਬਰ (ਰਾਜਿੰਦਰ ਸਿੰਘ ਥਿੰਦ) ਆੜ੍ਹਤੀਆ ਐਸੋਸੀਏਸ਼ਨ ਜ਼ਿਲ੍ਹਾ ਪਟਿਆਲਾ ਦੇ ਵਫ਼ਦ ਵੱਲੋਂ ਜਿਲਾ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਸਮੂਹ ਖਰੀਦ ਏਜੰਸੀਆਂ ਪਨਗ੍ਰੇਨ,ਪਨਸਪ ਮਾਰਕਫੈਡ,ਵੇਅਰ ਹਾਊਸ, ਐਫ.ਸੀ.ਆਈ.ਦੇ ਜ਼ਿਲ੍ਹਾ ਮੈਨੇਜਰ, ਮੰਡੀ ਬੋਰਡ ਦੇ ਉੱਚ ਅਧਿਕਾਰੀ, ਐਸ.ਡੀ.ਐਮ, ਐਸ.ਪੀ.ਹੈੱਡਕੁਆਰਟਰ ਅਤੇ ਤਹਿਸੀਲਦਾਰ ਨਾਲ ਝੋਨੇ ਦੇ ਖਰੀਦ ਸੀਜ਼ਨ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਕੀਤੀ ਗਈ। ਜਿਸ ਵਿੱਚ ਆੜ੍ਹਤੀਆਂ ਅਤੇ ਮੰਡੀਆਂ ਦੀਆਂ ਸਮੱਸਿਆਵਾਂ ਨੂੰ ਪੁਰਜ਼ੋਰ ਢੰਗ ਨਾਲ ਚੁੱਕਿਆ ਗਿਆ। ਜਿਸ ਤੇ ਡੀ.ਸੀ. ਸਾਹਿਬ ਵੱਲੋਂ ਤੁਰੰਤ ਹੱਲ ਕਰਨ ਦਾ ਪੱਕਾ ਭਰੋਸਾ ਦਿੱਤਾ ਗਿਆ। ਪੁਰਾਣੀ ਕਣਕ ਦੀ ਲਿਫਟਿੰਗ ਮੰਡੀਆਂ ਅਤੇ ਸ਼ੈਲਰਾਂ ਵਿੱਚ ਪਈ ਕਣਕ ਨੂੰ ਤੁਰੰਤ ਚੁੱਕਵਾਇਆ ਜਾਵੇਗਾ ਤਾਂ ਜੋ ਝੋਨੇ ਲਈ ਜਗ੍ਹਾ ਖਾਲੀ ਹੋ ਸਕੇ। ਸਰਕਾਰੀ ਖਰੀਦ ਤੇ ਲਿਫਟਿੰਗ 1 ਅਕਤੂਬਰ ਤੋਂ ਖਰੀਦ ਨਿਯਮਿਤ ਸ਼ੁਰੂ ਹੋਵੇਗੀ ਅਤੇ ਬਿੱਲਾਂ ਦੀ ਮਿਤੀ ਅਨੁਸਾਰ ਨਿਰਪੱਖ ਲਿਫਟਿੰਗ ਯਕੀਨੀ ਬਣਾਈ ਜਾਵੇਗੀ। ਨਮੀ ਦੀ ਜਾਂਚ ਵੀ ਮੰਡੀਆਂ ਦੇ ਮੁੱਖ ਗੇਟ @ਤੇ ਹੀ ਐਫ.ਸੀ.ਆਈ. ਮੀਟਰਾਂ ਨਾਲ ਮਿਲਾਨ ਵਾਲੇ ਨਮੀ ਮ

ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕ ਮਿਲਣੀ ਕਰਕੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

ਫਾਜ਼ਿਲਕਾ 23 ਸਤੰਬਰ (ਮਨੋਜ ਕੁਮਾਰ) ਹਲਕਾ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਕੌਇਲ ਖੇੜਾ, ਲੱਖੇ ਵਾਲੀ ਢਾਬ, ਖਿਓ ਵਾਲੀ ਢਾਬ, ਬਕੈਨਵਾਲਾ, ਟਿੱਲਾ ਵਾਲੀ, ਤੇ ਜੰਡਵਾਲਾ ਮੀਰਾ ਸਾਂਗਲਾ ਵਿਖੇ ਲੋਕ ਮਿਲਣੀ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਵਿਕਾਸ ਕਾਰਜਾਂ ਸਬੰਧੀ ਫੀਡਬੈਕ ਹਾਸਲ ਕੀਤਾ। ਲੋਕ ਮਿਲਣੀ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਪਣੇ ਪਿੰਡ ਨਾਲ ਸਬੰਧਤ ਵੱਖ-ਵੱਖ ਵਿਕਾਸ ਕਾਰਜਾਂ, ਨਾਗਰਿਕ ਸਹੂਲਤਾਂ ਅਤੇ ਹੋਰ ਜਨਤਕ ਮਸਲਿਆਂ ਸਬੰਧੀ ਆਪਣੇ ਸੁਝਾਅ ਅਤੇ ਮੰਗਾਂ ਵਿਧਾਇਕ ਦੇ ਧਿਆਨ ਵਿੱਚ ਲਿਆਂਦੀਆਂ। ਵਿਧਾਇਕ ਸਵਨਾ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪ੍ਰਾਪਤ ਹੋਈਆਂ ਜਾਇਜ਼ ਮੰਗਾਂ ਅਤੇ ਸਮੱਸਿਆਵਾਂ ਦਾ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਪਹਿਲ ਦੇ ਆਧਾਰ @ਤੇ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਪੱਖੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਦਿਆਂ ਹਰ ਖੇਤਰ ਵਿੱਚ ਬੁਨਿਆਦੀ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅਮਲੀ ਰੂਪ ਦੇਣਾ ਹੈ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਗਿਆ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ। ਫਾਜ਼ਿਲਕਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕਾ ਫਾਜ਼ਿਲਕਾ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਤਰਜੀਹ ਦੇ ਕੇ ਮੁਕੰਮਲ ਕੀਤਾ ਜਾਵੇਗਾ, ਤਾਂ ਜੋ ਹਲਕੇ ਦੇ ਹਰ ਵਰਗ ਨੂੰ ਸਰਕਾਰੀ ਯੋਜਨਾਵਾਂ ਅਤੇ ਵਿਕਾਸ ਦੇ ਲਾਭ ਮਿਲ ਸਕਣ। ਇਸ ਮੌਕੇ ਵੱਖ ਵੱਖ ਪਿੰਡਾਂ ਦੇ ਸਰਪੰਚ, ਪੰਚ, ਮੈਂਬਰ, ਯੂਥ ਵਿੰਗ ਦੇ ਪ੍ਰਧਾਨ, ਵੱਖ ਵੱਖ ਪਿੰਡਾਂ ਦੇ ਚੇਅਰਮੈਨ, ਆਮ ਆਦਮੀ ਪਾਰਟੀ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ ।

ਬਿਨਾਂ ਨੰਬਰ ਵਾਲੇ ਵਾਹਨਾਂ ਵਿੱਚ ਨਾ ਪਾਇਆ ਜਾਵੇ ਤੇਲ; ਸ਼ੱਕੀ ਵਾਹਨ ਜਾਂ ਵਿਅਕਤੀ ਦੀ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ ਸੂਚਨਾ: ਥਾਣੇਦਾਰ ਪਵਨ ਕੁਮਾਰ

• ਜ਼ਿਲ੍ਹਾ ਟ੍ਰੈਫਿਕ ਪੁਲਿਸ ਸੰਗਰੂਰ ਵੱਲੋਂ ਸ਼ਹਿਰ ਦੇ ਪੈਟਰੋਲ ਪੰਪਾਂ ਦੇ ਕਰਮਚਾਰੀਆਂ ਨੂੰ ਕੀਤਾ ਜਾਗਰੂਕ

ਸੰਗਰੂਰ, 23 ਸਤੰਬਰ: (ਜਸਪਾਲ ਸਰਾਓ) ਜ਼ਿਲ੍ਹਾ ਟ੍ਰੈਫਿਕ ਪੁਲਿਸ ਸੰਗਰੂਰ ਵੱਲੋਂ ਸੜਕ ਸੁਰੱਖਿਆ ਦੇ ਨਾਲ-ਨਾਲ ਸ਼ੱਕੀ ਵਾਹਨਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੇ ਉਦੇਸ਼ ਨਾਲ ਸ਼ਹਿਰ ਦੇ ਵੱਖ-ਵੱਖ ਪੈਟਰੋਲ ਪੰਪਾਂ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣੇਦਾਰ ਪਵਨ ਕੁਮਾਰ, ਇੰਚਾਰਜ ਜ਼ਿਲ੍ਹਾ ਟ੍ਰੈਫਿਕ ਪੁਲਿਸ ਸੰਗਰੂਰ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਅਤੇ ਟ੍ਰੈਫਿਕ ਸਟਾਫ ਵੱਲੋਂ ਸੰਗਰੂਰ ਸ਼ਹਿਰ ਦੇ ਪੈਟਰੋਲ ਪੰਪਾਂ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਇਕੱਠਾ ਕਰਕੇ ਲੋੜੀਂਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੈਟਰੋਲ ਪੰਪ ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਜੇਕਰ ਕੋਈ ਵਿਅਕਤੀ ਬਿਨਾਂ ਨੰਬਰ ਵਾਲਾ ਵਾਹਨ ਲੈ ਕੇ ਪੈਟਰੋਲ ਪੰਪ 'ਤੇ ਤੇਲ ਪਵਾਉਣ ਲਈ ਆਉਂਦਾ ਹੈ ਤਾਂ ਅਜਿਹੇ ਵਾਹਨ ਵਿੱਚ ਤੇਲ ਨਾ ਪਾਇਆ ਜਾਵੇ। ਇਸ ਦੇ ਨਾਲ ਹੀ ਜੇਕਰ ਕੋਈ ਵਾਹਨ ਜਾਂ ਵਿਅਕਤੀ ਸ਼ੱਕੀ ਜਾਪਦਾ ਹੈ ਤਾਂ ਇਸ ਸਬੰਧੀ ਤੁਰੰਤ ਸਬੰਧਤ ਪੁਲਿਸ ਥਾਣੇ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਸਮੇਂ ਸਿਰ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਥਾਣੇਦਾਰ ਪਵਨ ਕੁਮਾਰ ਨੇ ਕਿਹਾ ਕਿ ਵਾਹਨਾਂ 'ਤੇ ਨਿਯਮਾਂ ਅਨੁਸਾਰ ਰਜਿਸਟ੍ਰੇਸ਼ਨ ਨੰਬਰ ਲੱਗਾ ਹੋਣਾ ਜ਼ਰੂਰੀ ਹੈ। ਉਨ੍ਹਾਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਵਾਹਨਾਂ ਦੇ ਲੋੜੀਂਦੇ ਦਸਤਾਵੇਜ਼ ਮੁਕੰਮਲ ਰੱਖਣ। ਉਨ੍ਹਾਂ ਕਿਹਾ ਕਿ ਕਾਨੂੰਨ-ਵਿਵਸਥਾ ਅਤੇ ਸੜਕ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਲਈ ਆਮ ਲੋਕਾਂ ਦੇ ਨਾਲ-ਨਾਲ ਪੈਟਰੋਲ ਪੰਪ ਸੰਚਾਲਕਾਂ ਅਤੇ ਕਰਮਚਾਰੀਆਂ ਦਾ ਸਹਿਯੋਗ ਵੀ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਅਪੀਲ ਕੀਤੀ ਕਿ ਕਿਸੇ ਵੀ ਸ਼ੱਕੀ ਵਾਹਨ, ਵਿਅਕਤੀ ਜਾਂ ਗਤੀਵਿਧੀ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ ਅਤੇ ਇਸ ਦੀ ਜਾਣਕਾਰੀ ਬਿਨਾਂ ਦੇਰੀ ਸਬੰਧਤ ਪੁਲਿਸ ਥਾਣੇ ਨਾਲ ਸਾਂਝੀ ਕੀਤੀ ਜਾਵੇ।ਇਸ ਮੌਕੇ ਜ਼ਿਲ੍ਹਾ ਟ੍ਰੈਫਿਕ ਪੁਲਿਸ ਸੰਗਰੂਰ ਦਾ ਸਟਾਫ ਮੌਜੂਦ ਸੀ।

ਆਈ.ਐਸ.ਐਫ. ਕਾਲਜ ਆਫ਼ ਫਾਰਮੇਸੀ ਅਤੇ ਆਈ.ਐਸ.ਐਫ.ਸੀ.ਪੀ.ਆਰ. ਵਿੱਚ ਫਾਰਮੇਸੀ ਹਫ਼ਤਾ-2026 ਤਹਿਤ ਕਰਵਾਈਆਂ ਗਈਆਂ ਵੱਖ-ਵੱਖ ਪ੍ਰਤੀਯੋਗਿਤਾਵਾਂ

ਮੋਗਾ, 23 ਸਤੰਬਰ (ਜਗਰਾਜ ਸਿੰਘ ਸੰਘਾ) : ਸੂਬੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਆਈ.ਐਸ.ਐਫ. ਕਾਲਜ ਆਫ਼ ਫਾਰਮੇਸੀ ਅਤੇ ਆਈ.ਐਸ.ਐਫ. ਕਾਲਜ ਆਫ਼ ਫਾਰਮੇਸੀ ਐਂਡ ਰਿਸਰਚ ਵੱਲੋਂ ਸਾਂਝੇ ਤੌਰ 'ਤੇ ਰਾਸ਼ਟਰੀ ਫਾਰਮੇਸੀ ਹਫ਼ਤਾ-2026 ਮਨਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਵਿਦਿਆਰਥੀਆਂ ਲਈ ਵੱਖ-ਵੱਖ ਰਚਨਾਤਮਕ ਅਤੇ ਜਾਗਰੂਕਤਾ-ਅਧਾਰਿਤ ਪ੍ਰਤੀਯੋਗਿਤਾਵਾਂ ਕਰਵਾਈਆਂ ਗਈਆਂ। ਪੋਸਟਰ ਮੇਕਿੰਗ ਪ੍ਰਤੀਯੋਗਿਤਾ ਵਿੱਚ ਆਈ.ਐਸ.ਐਫ.ਸੀ.ਪੀ. ਵਿਖੇ ਪਹਿਲਾ ਸਥਾਨ ਪਲਕ ਅਤੇ ਕਨਿਸ਼ਕ, ਦੂਜਾ ਸਥਾਨ ਕੁਨਾਲ, ਸੁਪ੍ਰਯਾਂਸ਼ ਅਤੇ ਸਮਰ, ਜਦਕਿ ਤੀਜਾ ਸਥਾਨ ਸੌਰਭ, ਇਸਤਿਕਾਰ ਅਤੇ ਸੁੰਦਰਮ ਨੇ ਹਾਸਲ ਕੀਤਾ। ਆਈ.ਐਸ.ਐਫ.ਸੀ.ਪੀ.ਆਰ. ਵਿਖੇ ਪਹਿਲਾ ਸਥਾਨ ਬਲਰਾਮ, ਦੂਜਾ ਸੁਧੀਰ ਅਤੇ ਤੀਜਾ ਸਵਾਤੀ ਨੇ ਪ੍ਰਾਪਤ ਕੀਤਾ। ਗੀਲ ਮੇਕਿੰਗ ਪ੍ਰਤੀਯੋਗਿਤਾ ਵਿੱਚ ਆਈ.ਐਸ.ਐਫ.ਸੀ.ਪੀ. ਵਿਖੇ ਕਸ਼ਿਤਿਜਾ, ਅਬੇਲ, ਅਮਿਤ ਅਤੇ ਵਰਦਾਨ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਭੂਮਿਕਾ, ਫੈਜ਼ਲ, ਮੋਮੀਨ ਅਤੇ ਇਨਿਆਤ ਦੀ ਟੀਮ ਦੂਜੇ ਸਥਾਨ 'ਤੇ ਰਹੀ। ਆਈ.ਐਸ.ਐਫ.ਸੀ.ਪੀ.ਆਰ. ਵਿਖੇ ਪਹਿਲਾ ਸਥਾਨ ਕ੍ਰਿਸ਼ਨ ਕਾਂਤ, ਕਾਰਤਿਕ, ਆਦਿਤਿਆ ਅਤੇ ਸੁਖਜਿੰਦਰ ਦੀ ਟੀਮ ਨੇ, ਦੂਜਾ ਸਥਾਨ ਨੰਦਨੀ, ਯਸ਼ਨੀਤ ਅਤੇ ਸਮਰੱਥ ਦੀ ਟੀਮ ਨੇ, ਜਦਕਿ ਤੀਜਾ ਸਥਾਨ ਵਾਸੂ, ਸ਼ਿਵਾ, ਵੈਸ਼ਮ, ਯਾਸਮੀਨ ਅਤੇ ਸਨੇਹਾ ਦੀ ਟੀਮ ਨੇ ਹਾਸਲ ਕੀਤਾ। ਸਾਈਟੂਨ ਪ੍ਰਤੀਯੋਗਿਤਾ ਵਿੱਚ ਆਈ.ਐਸ.ਐਫ.ਸੀ.ਪੀ. ਵਿਖੇ ਨਵਨੀਤ ਅਤੇ ਹਰਮਨਜੋਤ ਨੇ ਪਹਿਲਾ, ਜਦਕਿ ਪਿਯੂਸ਼ ਅਤੇ ਮਾਨਸਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਆਈ.ਐਸ.ਐਫ.ਸੀ.ਪੀ.ਆਰ. ਵਿਖੇ ਵੰਦਨਾ ਅਤੇ ਮਨਿੰਦਰ ਕੌਰ ਨੇ ਪਹਿਲਾ ਅਤੇ ਜਪਕਿਰਨ ਨੇ ਦੂਜਾ ਸਥਾਨ ਹਾਸਲ ਕੀਤਾ। ਲੀਫਲੈਟ ਮੇਕਿੰਗ ਪ੍ਰਤੀਯੋਗਿਤਾ ਵਿੱਚ ਆਈ.ਐਸ.ਐਫ.ਸੀ.ਪੀ. ਵਿਖੇ ਆਕਾਂਸ਼ ਸ਼ਰਮਾ ਨੇ ਪਹਿਲਾ, ਸੁੰਦਰਮ ਨੇ ਦੂਜਾ ਅਤੇ ਸੌਰਭ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਆਈ.ਐਸ.ਐਫ.ਸੀ.ਪੀ.ਆਰ. ਵਿਖੇ ਦਿਵਿਆਂਸ਼ ਨੇ ਪਹਿਲਾ ਅਤੇ ਸਿਰਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਆਈ.ਐਸ.ਐਫ.ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ.ਕੇ. ਨਾਰੰਗ ਨੇ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਫਾਰਮੇਸੀ ਪ੍ਰਤੀ ਰੁਝਾਨ ਪੈਦਾ ਕਰਨ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਨੂੰ ਐਂਟੀਬਾਇਓਟਿਕ ਰੋਧਕਤਾ ਸਬੰਧੀ ਜਾਗਰੂਕ ਕਰਨਾ ਅਤੇ ਐਂਟੀਬਾਇਓਟਿਕ ਦਵਾਈਆਂ ਦੀ ਗਲਤ ਵਰਤੋਂ ਨੂੰ ਰੋਕਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਇਨ੍ਹਾਂ ਸਾਰੀਆਂ ਪ੍ਰਤੀਯੋਗਿਤਾਵਾਂ ਦੇ ਸਫਲ ਆਯੋਜਨ ਵਿੱਚ ਡਾ. ਆਯੁਸ਼ੀ ਬੰਗਾ, ਸਾਂਚੀ ਗੁਪਤਾ, ਡਾ. ਮਾਧਵ ਦਿਵੇਦੀ ਅਤੇ ਆਈ.ਐਸ.ਐਫ.ਸੀ.ਪੀ.ਆਰ. ਵੱਲੋਂ ਜਸਲੀਨ ਕੌਰ, ਨੰਦਨੀ, ਤਕਦੀਰ ਸਿੰਘ, ਅਮਨ ਅਤੇ ਯੁਕਤਾ ਨੇ ਅਹਿਮ ਭੂਮਿਕਾ ਨਿਭਾਈ। ਨੋਡਲ ਅਫਸਰ ਡਾ. ਸੌਰਭ ਕੋਸੇ ਅਤੇ ਕੁਮਾਰੀ ਕਾਜਲ ਨੇ ਸਾਰੇ ਕੋਆਰਡੀਨੇਟਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਸ੍ਰੀ ਪ੍ਰਵੀਣ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ.ਡੀ. ਗੁਪਤਾ ਅਤੇ ਆਈ.ਐਸ.ਐਫ.ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ.ਕੇ. ਨਾਰੰਗ ਨੇ ਪ੍ਰਤੀਯੋਗਿਤਾਵਾਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਭਾਈ ਲਾਲੋ ਜੀ ਦੇ 574ਵੇਂ ਜਨਮ ਦਿਹਾੜੇ ਮੌਕੇ ਪਿੰਡ ਸਰੀਂਹ ਵਿਖੇ ਧਾਰਮਿਕ ਸਮਾਗਮ ਅੱਜ

• ਸੰਤ ਬਾਬਾ ਭੁਪਿੰਦਰ ਸਿੰਘ ਜੀ ਰਾੜਾ ਸਾਹਿਬ ਜਰਗ ਵਾਲਿਆਂ ਨੂੰ 'ਭਾਈ ਲਾਲੋ ਜੀ ਅਵਾਰਡ 2026' ਨਾਲ ਕੀਤਾ ਜਾਵੇਗਾ ਸਨਮਾਨਿਤ

ਮਾਲੇਰਕੋਟਲਾ, 23 ਸਤੰਬਰ (ਮੁਨਸ਼ੀ ਫ਼ਾਰੂਕ) — ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ 574ਵਾਂ ਪਾਵਨ ਜਨਮ ਦਿਹਾੜਾ ਗੁਰਦੁਆਰਾ ਸਾਹਿਬ ਭਾਈ ਲਾਲੋ ਜੀ, ਪਿੰਡ ਸਰੀਂਹ ਵਿਖੇ ਸਮੂਹ ਇਲਾਕਾ ਨਿਵਾਸੀ ਸੰਗਤਾਂ, ਪ੍ਰਬੰਧਕ ਕਮੇਟੀ ਅਤੇ ਭਾਈ ਲਾਲੋ ਜੀ ਚੈਰੀਟੇਬਲ ਸੁਸਾਇਟੀ (ਰਜਿ.) ਦੇ ਵਿਸ਼ੇਸ਼ ਸਹਿਯੋਗ ਨਾਲ 24 ਸਤੰਬਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਅਹੁਦੇਦਾਰ ਇੰਦਰਜੀਤ ਸਿੰਘ ਮੁੰਡੇ (ਕੇ. ਐਸ. ਗਰੁੱਪ), ਗਿਆਨੀ ਅਮਰ ਸਿੰਘ (ਦਸਮੇਸ਼ ਗਰੁੱਪ), ਅਮਰਜੀਤ ਸਿੰਘ ਹੁੰਝਣ ਅਤੇ ਮਾ. ਚਰਨਦਾਸ ਸੈਂਦ ਨੇ ਦੱਸਿਆ ਕਿ ਇਸ ਪਾਵਨ ਦਿਹਾੜੇ ਸਬੰਧੀ 22 ਤੋਂ 24 ਸਤੰਬਰ ਤੱਕ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਮਹਾਂਪੁਰਖ ਸੰਤ ਬਾਬਾ ਭੁਪਿੰਦਰ ਸਿੰਘ ਰਾੜਾ ਸਾਹਿਬ ਜਰਗ ਵਾਲੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਮਤਿ ਵਿਚਾਰਾਂ ਨਾਲ ਜੋੜਨਗੇ। ਇਸ ਮੌਕੇ ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀ ਸ਼ਖ਼ਸੀਅਤ ਸੰਤ ਬਾਬਾ ਭੁਪਿੰਦਰ ਸਿੰਘ ਰਾੜਾ ਸਾਹਿਬ ਜਰਗ ਵਾਲਿਆਂ ਨੂੰ 'ਭਾਈ ਲਾਲੋ ਜੀ ਅਵਾਰਡ 2026' ਨਾਲ ਸਨਮਾਨਿਤ ਕੀਤਾ ਜਾਵੇਗਾ। ਸਮਾਗਮ ਦੇ ਮੁੱਖ ਮਹਿਮਾਨ ਸ. ਤੇਜਿੰਦਰ ਸਿੰਘ ਸੋਖੀ, ਸੋਖੀ ਪਿਟਸਨ ਇੰਡਸਟਰੀਜ਼/ਸੋਖੀ ਆਟੋ ਉਦਯੋਗ ਲੁਧਿਆਣਾ ਹੋਣਗੇ, ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸ. ਬਲਬੀਰ ਸਿੰਘ ਬਮਰਾਹ, ਐੱਮ.ਡੀ. ਜੀ. ਆਰ. ਕੰਸਟ੍ਰਕਸ਼ਨ ਕੰਪਨੀ ਲੁਧਿਆਣਾ ਅਤੇ ਸ. ਹਰਦੀਪ ਸਿੰਘ, ਓਂਕਾਰ ਐਗਰੀਕਲਚਰ ਵਰਕਸ ਧੂਰੀ ਸ਼ਿਰਕਤ ਕਰਨਗੇ। ਧਾਰਮਿਕ ਸਮਾਗਮਾਂ ਦੀ ਸ਼ੁਰੂਆਤ 22 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਨਾਲ ਹੋਵੇਗੀ। 24 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵੱਖ-ਵੱਖ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਜਾਵੇਗਾ। ਭਾਈ ਅੱਛਰਾ ਸਿੰਘ , ਹੈੱਡ ਗ੍ਰੰਥੀ, ਗੁਰਦੁਆਰਾ ਸਾਹਿਬ ਈਸ਼ਰ ਕਿਰਪਾ, ਰਾਇਕੋਟ ਰੋਡ, ਮਾਲੇਰਕੋਟਲਾ ਅਤੇ ਭਾਈ ਗੁਰਮੇਲ ਸਿੰਘ ਨਿਮਾਣਾ, ਹੈੱਡ ਗ੍ਰੰਥੀ, ਗੁਰਦੁਆਰਾ ਸਾਹਿਬ ਭਾਈ ਲਾਲੋ ਜੀ ਵੱਲੋਂ ਵੀ ਕੀਰਤਨ ਦੀ ਹਾਜ਼ਰੀ ਭਰੀ ਜਾਵੇਗੀ। ਇਸ ਉਪਰੰਤ ਸੰਤ ਬਾਬਾ ਭੁਪਿੰਦਰ ਸਿੰਘ ਜੀ ਰਾੜਾ ਸਾਹਿਬ ਜਰਗ ਵਾਲੇ ਵਿਸ਼ੇਸ਼ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਬਾਅਦ ਬੁਲਾਰਿਆਂ ਵੱਲੋਂ ਵਿਚਾਰ ਪੇਸ਼ ਕੀਤੇ ਜਾਣਗੇ ਅਤੇ ਧੰਨਵਾਦੀ ਭਾਸ਼ਣ ਉਪਰੰਤ 'ਭਾਈ ਲਾਲੋ ਜੀ ਅਵਾਰਡ 2026' ਨਾਲ ਸਨਮਾਨ ਸਮਾਗਮ ਕਰਵਾਇਆ ਜਾਵੇਗਾ। ਅੰਤ ਵਿੱਚ ਪ੍ਰਬੰਧਕ ਕਮੇਟੀ ਅਤੇ ਭਾਈ ਲਾਲੋ ਜੀ ਚੈਰੀਟੇਬਲ ਸੁਸਾਇਟੀ ਵੱਲੋਂ ਸਮੂਹ ਮਾਈ-ਭਾਈ ਨੂੰ ਆਪਣੇ ਪਰਿਵਾਰਾਂ ਸਮੇਤ ਇਨ੍ਹਾਂ ਮਹਾਨ ਧਾਰਮਿਕ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਨਿੱਘਾ ਸੱਦਾ ਦਿੱਤਾ ਗਿਆ।

ਹ